**ਸ਼੍ਰੇਣੀ : ਬਾਰ੍ਹਵੀਂ**

**ਵਿਸ਼ਾ :ਪੰਜਾਬੀ (ਇਲੈੱਕਟਿਵ)**

**ਵਿਲੱਖਣ ਬੁੱਧੀ ਵਿਦਿਆਰਥੀਆਂ ਲਈ ਪ੍ਰਸ਼ਨ ਬੈਂਕ**

**ਮੱਧ-ਕਾਲੀਨ ਪੰਜਾਬੀ-ਕਾਵਿ (ਝਲਕਾਂ ਤੇ ਇਤਿਹਾਸ) ਨਾਲ਼ ਸੰਬੰਧਿਤ ਵਸਤੂਨਿਸ਼ਠ ਪ੍ਰਸ਼ਨ:**

**ਪ੍ਰਸ਼ਨ-ਪੱਤਰ ਦੇ ਪ੍ਰਸ਼ਨ 1 ਤੋਂ 21 ਨਾਲ਼ ਸੰਬੰਧਿਤ ਪ੍ਰਸ਼ਨ: (1 ਤੋਂ 135) 21×2=42 ਅੰਕ**

**ਪ੍ਰਸ਼ਨ-ਪੱਤਰ ਦੇ ਪ੍ਰਸ਼ਨ 1 ਤੋਂ 5 ਨਾਲ਼ ਸੰਬੰਧਿਤ ਪ੍ਰਸ਼ਨ**

**ਬਹੁਚੋਣਵੇਂ ਪ੍ਰਸ਼ਨ:**

1. "ਫਰੀਦਾ ਏ ਵਿਸੁ ਗੰਦਲਾ ਧਰੀਆ ਖੰਡੁ ਲਿਵਾੜਿ॥" ਸਲੋਕ ਵਿੱਚ ਫ਼ਰੀਦ ਜੀ ਨੇ 'ਵਿਸੁ ਗੰਦਲਾ' ਕਿਸ ਨੂੰ ਕਿਹਾ ਹੈ?
(ੳ) ਜੀਵਨ ਨੂੰ।
(ਅ) ਗੰਦਲ਼ਾਂ ਅਤੇ ਖੰਡ ਨੂੰ।
(ੲ) ਦੁੱਖ-ਸੁੱਖ ਨੂੰ।
(ਸ) ਦੁਨਿਆਵੀ ਪਦਾਰਥਾਂ ਨੂੰ 2

2. ਸ਼ੇਖ਼ ਫ਼ਰੀਦ ਜੀ 'ਦਿਲਹੁ ਮੁਹਬਤਿ ਜਿਨ ਸੇਈ ਸਚਿਆ" ਸਲੋਕ ਵਿੱਚ ਪਰਮਾਤਮਾ ਤੋਂ ਖ਼ੈਰ ਵਿੱਚ ਕੀ ਮੰਗਦੇ ਹਨ?
(ੳ) ਜ਼ਿੰਦਗੀ।
(ਅ) ਮਾਇਆ।
(ੲ) ਬੰਦਗੀ।
(ਸ) ਪਦਾਰਥ। 2

3. ਸ਼ੇਖ ਫ਼ਰੀਦ ਜੀ ਅਨੁਸਾਰ ਜਿਊਂਦੇ ਮਨੁੱਖ ਦੇ ਪੈਰਾਂ ਥੱਲੇ ਅਤੇ ਮਨੁੱਖ ਦੇ ਮਰਨ ਉਪਰੰਤ ਕਿਹੜੀ ਚੀਜ਼ ਉੱਪਰ ਹੁੰਦੀ ਹੈ?
(ੳ) ਰਾਖ।
(ਅ) ਚਾਦਰ।
(ੲ) ਖ਼ਾਕ (ਮਿੱਟੀ)।
(ਸ) ਪਾਣੀ। 2

4. "ਫਰੀਦਾ ਕਿਥੈ ਤੈਡੇ ਮਾਪਿਆ, ਜਿਨੀ ਤੂ ਜਣਿਓਹ" ਸਲੋਕ ਦਾ ਸੰਬੰਧ ਹੈ-
(ੳ) ਸੰਸਾਰਿਕ ਨਾਸ਼ਮਾਨਤਾ ਨਾਲ਼।
(ਅ) ਨੈਤਿਕ ਕਦਰਾਂ-ਕੀਮਤਾਂ ਨਾਲ਼।
(ੲ) ਪ੍ਰਭੂ ਪ੍ਰੇਮ ਨਾਲ਼।
(ਸ) ਸੱਚੀ ਭਗਤੀ ਨਾਲ਼। 2

5. "ਊਚੇ ਚੜਿ ਕੈ ਦੇਖਿਆ ਤਾ ਘਰਿ ਘਰਿ ਏਹਾ ਅਗਿ॥" ਸਤਰ ਵਿੱਚ 'ਊਚੇ ਚੜਿ ਕੈ' ਤੋਂ ਕੀ ਭਾਵ ਹੈ?
(ੳ) ਉੱਚੀ ਥਾਂ ਉੱਤੇ ਚੜ੍ਹ ਕੇ।
(ਅ) ਆਪਣੇ ਦੁੱਖ ਤੋਂ ਉਚੇਰਾ ਉੱਠ ਕੇ।
(ੲ) ਕੋਠੇ ਉੱਤੇ ਚੜ੍ਹ ਕੇ। 2

6. "ਇਕਨਾ ਦੇ ਧਨ ਪੱਲੇ ਸ਼ਾਹ ਸਦਾਇੰਦੇ" ਸਲੋਕ ਵਿੱਚ ਜ਼ਿਕਰ ਹੈ-
(ੳ) ਮਾਲਕ-ਨੌਕਰ
(ਅ) ਅਮੀਰੀ-ਗ਼ਰੀਬੀ
(ੲ) ਦੁੱਖ-ਸੁੱਖ।
(ਸ) ਖ਼ੁਸ਼ੀ-ਗ਼ਮੀ। 2

7. ਵਜੀਦ ਜੀ ਨੇ ਮੁੱਖ ਰੂਪ 'ਚ ਕਿਸ ਕਾਵਿ-ਰੂਪ ਦੀ ਰਚਨਾ ਕੀਤੀ ਹੈ?
(ੳ) ਸਲੋਕ ਦੀ
(ਅ) ਵਾਰਾਂ ਦੀ
(ੲ) ਕਾਫ਼ੀਆਂ ਦੀ
(ਸ) ਸ਼ਬਦਾਂ ਦੀ 2

8. "ਮੂਰਖ ਨੂੰ ਅਸਵਾਰੀ ਹਾਥੀ ਘੋੜਿਆਂ" ਸਲੋਕ ਵਿੱਚ ਵਜੀਦ ਜੀ ਨੇ ਕਿਸ ਬਾਰੇ ਵਿਅੰਗ ਕੀਤਾ ਹੈ?
(ੳ) ਅਮੀਰੀ-ਗ਼ਰੀਬੀ।
(ਅ) ਸਮਾਜਿਕ ਅਨਿਆਂ।
(ੲ) ਰੱਬ ਤੇ ਜੱਗ।
(ਸ) ਚੰਗੇ ਮਾੜੇ। 2

9. ਰੱਬਾ ਮੇਰੇ ਆਉਗਣ ਚਿਤਿ ਨਾ ਧਰੀਂ" ਕਾਫ਼ੀ ਵਿੱਚ ਕਿਸ ਵੱਲੋਂ ਪਰਮਾਤਮਾ ਨੂੰ ਸੰਬੋਧਨ ਕੀਤਾ ਗਿਆ ਹੈ?
(ੳ) ਜੀਵ ਆਤਮਾ ਵੱਲੋਂ।
(ਅ) ਸੰਗਤ ਵੱਲੋਂ।
(ੲ) ਫ਼ਕੀਰਾਂ ਵੱਲੋਂ।
(ਸ) ਗੁਰੂ ਵੱਲੋਂ। 2

10. 'ਨਿਮਾਣਿਆ ਦੀ ਰੱਬਾ ਰੱਬਾ ਹੋਈ' ਕਾਫ਼ੀ ਵਿੱਚ ਰੱਬਾ-ਰੱਬਾ ਹੋਈ ਤੋਂ ਕੀ ਭਾਵ ਹੈ?
(ੳ) ਤੋਬਾ-ਤੋਬਾ ਹੋਈ।
(ਅ) ਜੈ-ਜੈ ਕਾਰ ਹੋਈ।
(ੲ) ਬੱਲੇ-ਬੱਲੇ ਹੋਈ।
(ਸ) ਚੰਗਾ-ਚੰਗਾ ਹੋਈ 2

11. 'ਮੁਸ਼ਕਲ ਘਾਟ ਫ਼ਕੀਰੀ ਦਾ' ਕਾਫ਼ੀ ਵਿੱਚ 'ਛੋਡ ਤਕੱਬਰੀ ਪਕੜਿ ਹਲੀਮੀ' ਤੋਂ ਭਾਵ ਹੈ-
(ੳ) ਹੰਕਾਰ ਛੱਡ ਕੇ ਨਿਮਰਤਾ ਧਾਰਨ ਕਰਨੀ।
(ਅ) ਨਾਦਾਨੀ ਛੱਡ ਕੇ ਸਚਾਈ ਗ੍ਰਹਿਣ ਕਰਨੀ।
(ੲ) ਔਗੁਣ ਛੱਡ ਕੇ ਗੁਣ ਅਪਨਾਉਣਾ।
(ਸ) ਝੂਠ ਨੂੰ ਛੱਡ ਕੇ ਸੱਚ ਧਾਰਨ ਕਰਨਾ। 2

12. ਸੁਲਤਾਨ ਬਾਹੂ ਦੀਆਂ ਕਿਹੜੀਆਂ ਰਚਨਾਵਾਂ ਵਿੱਚੋਂ ਚੋਣ ਕਰ ਕੇ ਰਚਨਾਵਾਂ ਨੂੰ ਤੁਹਾਡੇ ਪਾਠ-ਕ੍ਰਮ 'ਚ ਸ਼ਾਮਲ ਕੀਤਾ ਗਿਆ ਹੈ?
(ੳ) ਸੀਹਰਫ਼ੀ ਵਿੱਚੋਂ।
(ਅ) ਕਬਿੱਤਾਂ ਵਿੱਚੋਂ।
(ੲ) ਸਲੋਕਾਂ ਵਿੱਚੋਂ
(ਸ) ਦੋਹਰਿਆਂ ਵਿੱਚੋਂ 2

13. ਸੁਲਤਾਨ ਬਾਹੂ ਕਿਹੜੀ ਕਾਵਿ-ਧਾਰਾ ਦਾ ਕਵੀ ਹੈ?
(ੳ) ਗੁਰਮਤਿ ਕਾਵਿ-ਧਾਰਾ। (ਅ) ਸੂਫ਼ੀ ਕਾਵਿ-ਧਾਰਾ।
(ੲ) ਕਿੱਸਾ ਕਾਵਿ-ਧਾਰਾ। (ਸ) ਬੀਰ ਕਾਵਿ-ਧਾਰਾ। 2

14. ਸੁਲਤਾਨ ਬਾਹੂ ਆਪਣੀਆਂ ਸੀਹਰਫ਼ੀਆਂ ਦੇ ਹਰ ਤੁਕਾਂਤ ਦੇ ਅੰਤ 'ਚ ਵਰਤਦਾ ਹੈ:-

(ੳ) ਹਾਂ।

(ਅ) ਹੂ।

(ੲ) ਹੀ।

(ਸ) ਹੋ। 2

15. ਸੁਲਤਾਨ ਬਾਹੂ ਤੁੰਮੇ ਅਤੇ ਤਰਬੂਜ਼, ਕਾਂਵਾਂ ਤੇ ਹੰਸਾਂ ਦੇ ਬੱਚੇ, ਕੌੜੇ ਤੇ ਮਿੱਠੇ ਖੂਹਾਂ ਦੀ ਉਦਾਹਰਨ ਦੇ ਕੇ ਮਨੁੱਖ ਨੂੰ ਕਿਸ ਦਾ ਸਾਥ ਨਾ ਦੇਣ ਲਈ ਪ੍ਰੇਰਦਾ ਹੈ:-

(ੳ) ਪ੍ਰਦੇਸੀਆਂ ਦਾ

(ਅ) ਆਪਣਿਆਂ ਦਾ।

(ੲ) ਦੁਸ਼ਮਣਾਂ ਦਾ।

(ਸ) ਬੁਰੀ ਸੰਗਤ ਦਾ 2

16. ਸੁਲਤਾਨ ਬਾਹੂ ਦੀ ਸੀਹਰਫ਼ੀ ਅਨੁਸਾਰ ਜਿਨ੍ਹਾਂ ਨੂੰ ਇਸ਼ਕ ਹੋ ਜਾਂਦਾ ਹੈ, ਉਹ ਫਿਰਦੇ ਹਨ-

(ੳ) ਚੁੱਪ-ਚੁਪਾਤੇ।

(ਅ) ਉੱਖੜੇ-ਉੱਖੜੇ।

(ੲ) ਕਮਲੇ-ਰਮਲੇ।

(ਸ) ਭੋਲ਼ੇ-ਭਾਲ਼ੇ। 2

17. ਬੁੱਲ੍ਹੇ ਸ਼ਾਹ ਦਾ ਸੰਬੰਧ ਹੈ-

(ੳ) ਸੂਫ਼ੀ ਕਾਵਿ-ਧਾਰਾ ਨਾਲ਼।

(ਅ) ਕਿੱਸਾ ਕਾਵਿ-ਧਾਰਾ ਨਾਲ਼।

(ੲ) ਬੀਰ ਕਾਵਿ-ਧਾਰਾ ਨਾਲ਼।

(ਸ) ਭਗਤੀ ਕਾਵਿ-ਧਾਰਾ ਨਾਲ਼। 2

18. ਬੁੱਲ੍ਹੇ ਸ਼ਾਹ ਦਾ ਨਿਮਨਲਿਖਤ 'ਚੋਂ ਕਿਸ ਮੰਜ਼ਲ ਨਾਲ਼ ਸੰਬੰਧ ਹੈ-

(ੳ) ਸ਼ਰੀਅਤ

(ਅ) ਤਰੀਕਤ

(ੲ) ਮਾਰਫ਼ਤ

(ਸ) ਹਕੀਕਤ 2

19. 'ਮਾਟੀ ਕੁਦਮ ਕਰੇਂਦੀ ਯਾਰ' ਕਾਫ਼ੀ ਵਿੱਚ ਬੁੱਲ੍ਹੇ ਸ਼ਾਹ ਹੇਠ ਲਿਖਿਆਂ ਵਿੱਚੋਂ ਕਿਸ ਬਾਰੇ ਵਰਨਣ ਕਰਦਾ ਹੈ?

(ੳ) ਸੰਸਾਰਿਕ ਨਾਸ਼ਮਾਨਤਾ।

(ਅ) ਮਨੁੱਖੀ ਰਿਸ਼ਤੇ।

(ੲ) ਸੱਭਿਆਚਾਰ।

(ਸ) ਨੈਤਿਕ ਕਦਰਾਂ-ਕੀਮਤਾਂ। 2

20. ਬੁੱਲ੍ਹੇ ਸ਼ਾਹ ਦਾ ਮੁਰਸ਼ਦ ਕੌਣ ਸੀ?

(ੳ) ਸ਼ਾਹ ਇਨਾਇਤ।

(ਅ) ਸ਼ਾਹ ਹੁਸੈਨ।

(ੲ) ਹਾਸ਼ਮ ਸ਼ਾਹ।

(ਸ) ਵਾਰਿਸ ਸ਼ਾਹ। 2

21. 'ਪਾਇਆ ਹੈ ਕਿਛੁ ਪਾਇਆ ਹੈ' ਕਾਫ਼ੀ ਘੁੰਮਦੀ ਹੈ-

(ੳ) ਰੱਬ ਦੇ ਆਲ਼ੇ-ਦੁਆਲ਼ੇ । (ਅ) ਜੱਗ ਦੇ ਆਲ਼ੇ-ਦੁਆਲ਼ੇ।

(ੲ) ਰੋਜ਼ੀ-ਰੋਟੀ ਦੇ ਆਲ਼ੇ-ਦੁਆਲ਼ੇ। 2

22. 'ਨਦੀਆਂ ਨੀਰ ਵਹਿਣ ਨਿਤ ਤਾਰੂ, ਇਹ ਕਦੀ ਨਾ ਹੋਵਣ ਹਲਕੇ'

ਜੋ ਜਲ ਗਿਆ ਇਸ ਰਾਹੀਂ, ਸੋ ਫੇਰ ਨਾ ਆਵੇ ਭਲਕੇ।

ਉਪਰੋਕਤ ਦੋਹੜੇ ਵਿੱਚ ਹਾਸ਼ਮ ਸ਼ਾਹ ਨੇ ਕਿਹੜੀ ਗੱਲ ਵੱਲ ਸੰਕੇਤ ਕੀਤਾ ਹੈ-

(ੳ) ਸੰਸਾਰਿਕ ਨਾਸ਼ਮਾਨਤਾ ਵੱਲ (ਅ) ਰਲ਼-ਮਿਲ਼ ਕੇ ਬੈਠਣ ਵੱਲ

(ੲ) ਬੰਦਗੀ ਵੱਲ (ਸ) ਵਿੱਦਿਆ ਵੱਲ 2

23. 'ਹਾਸ਼ਮ ਸਾਂਝ ਤੁਸਾਡੇ ਦਮ ਦੀ, ਹੋਰ ਵਸਦਾ ਮੁਲਖ ਬਥੇਰਾ' ਇਸ ਸਤਰ ਵਿੱਚ ਹਾਸ਼ਮ ਸ਼ਾਹ ਕਿਸ ਨਾਲ਼ ਸਾਂਝ ਪਾਉਣ ਵੱਲ ਸੰਕੇਤ ਕਰਦਾ ਹੈ-

(ੳ) ਪਰਮਾਤਮਾ ਨਾਲ਼ (ਅ) ਦੁਨਿਆਵੀ ਲੋਕਾਂ ਨਾਲ਼।

(ੲ) ਗ਼ਰੀਬਾਂ ਨਾਲ਼ (ਸ) ਅਮੀਰਾਂ ਨਾਲ਼ 2

24. ਹਾਸ਼ਮ ਦੇ ਦੋਹੜਿਆਂ ਵਿੱਚੋਂ ਝਲਕਦਾ ਹੈ-

(ੳ) ਇਸ਼ਕ ਹਕੀਕੀ। (ਅ) ਦੁਨਿਆਵੀ ਇਸ਼ਕ।

(ੲ) ਇਸ਼ਕ ਮੁਹੱਬਤ (ਸ) ਇਸ਼ਕ ਝੂਠਾ। 2

25. ਹਾਸ਼ਮ ਸ਼ਾਹ ਦਾ ਕਿਹੜਾ ਕਾਵਿ-ਰੂਪ ਤੁਹਾਡੀ ਪਾਠ-ਪੁਸਤਕ 'ਚ ਸ਼ਾਮਲ ਕੀਤਾ ਗਿਆ ਹੈ?

(ੳ) ਕਿੱਸਾ (ਅ) ਕਾਫ਼ੀ (ੲ) ਦੋਹੜੇ (ਸ) ਵਾਰ 2

26. ਖ਼ਵਾਜਾ ਗ਼ੁਲਾਮ ਫ਼ਰੀਦ ਦਾ ਸੰਬੰਧ ਹੈ।

(ੳ) ਕਿੱਸਾ ਕਾਵਿ-ਧਾਰਾ (ਅ) ਬੀਰ ਕਾਵਿ-ਧਾਰਾ

(ੲ) ਸੂਫ਼ੀ ਕਾਵਿ-ਧਾਰਾ (ਸ) ਭਗਤੀ ਕਾਵਿ-ਧਾਰਾ 2

27. ਆਪਣੇ ਪਾਠ-ਕ੍ਰਮ 'ਚ ਦਰਜ 'ਸਾਵਣ ਬੂੰਕੜੀਆਂ ਝਰਲਾਵੇ' ਰਚਨਾ ਦਾ ਲੇਖਕ ਹੈ:-

(ੳ) ਸ਼ੇਖ਼ ਫ਼ਰੀਦ।

(ਅ) ਬੁੱਲ੍ਹੇ ਸ਼ਾਹ।

(ੲ) ਵਜੀਦ।

(ਸ) ਖ਼ਵਾਜ਼ਾ ਗ਼ੁਲਾਮ ਫ਼ਰੀਦ ਦੀ। 2

28. 'ਸ਼ਹੁ ਰਾਂਝਾ ਅਲਬੇਲਾ' ਰਚਨਾ ਦਾ ਸੰਬੰਧ ਹੈ।

(ੳ) ਕਿੱਸਾ ਕਾਵਿ-ਧਾਰਾ ਨਾਲ਼।

(ਅ) ਬੀਰ ਕਾਵਿ-ਧਾਰਾ ਨਾਲ਼।

(ੲ) ਸੂਫ਼ੀ ਕਾਵਿ-ਧਾਰਾ ਨਾਲ਼।

(ਸ) ਆਧੁਨਿਕ ਕਾਵਿ-ਧਾਰਾ ਨਾਲ਼। 2

29. ਸਾਹਿਬਾਂ ਅਨੁਸਾਰ ਮਿਰਜ਼ੇ ਦੀ ਬੱਕੀ ਕਿਹੋ-ਜਿਹੀ ਸੀ?

(ੳ) ਨੁੱਕਰੀ (ਅ) ਕਾਂਵਾਂ ਖਾਧੀ (ੲ) ਬੰਦੇ ਖਾਣੀ (ਸ) ਬਦਲੇਖੋਰ 2

30. 'ਮੇਰੇ ਉੱਪਰ ਨ ਕੋਈ ਦੀਂਹਦਾ ਸੂਰਮਾ, ਜਿਹੜਾ ਮੇਰੇ ਪੁਰ ਵਾਰ ਕਰੇ। ਤੁਕ ਵਿੱਚੋਂ ਮਿਰਜ਼ੇ ਦੀ ਝਲਕਦੀ ਹੈ:-

(ੳ) ਦਲੇਰੀ (ਅ) ਸ਼ਰਾਫ਼ਤ (ੲ) ਕਮਜ਼ੋਰੀ (ਸ) ਹੰਕਾਰ 2

31. ਸੰਸਾਰ ਕਿਸ ਪ੍ਰੀਤ ਨਾਇਕਾ ਨੂੰ ਨਿੰਦਦਾ/ਭੰਡਦਾ ਆਇਆ ਹੈ?
(ੳ) ਲੈਲਾ ਨੂੰ (ਅ) ਸ਼ੀਰੀ ਨੂੰ (ੲ) ਸਾਹਿਬਾਂ ਨੂੰ (ਸ) ਸੋਹਣੀ ਨੂੰ 2

32. ਪੀਲੂ ਦੇ ਕਿੱਸੇ 'ਮਿਰਜ਼ਾ ਸਾਹਿਬਾਂ' ਦਾ ਅੰਤ ਹੁੰਦਾ ਹੈ:-
(ੳ) ਸੁਖਾਂਤਿਕ (ਅ) ਹਾਸ-ਰਸੀ (ੲ) ਰੁਮਾਂਟਿਕ (ਸ) ਦੁਖਾਂਤਿਕ 2

33. ਖੀਵੇ ਖ਼ਾਨ ਨੂੰ ਸਾਹਿਬਾਂ ਦੇ ਜਾਣ ਬਾਰੇ ਦਸਦਾ ਹੈ:
(ੳ) ਖੀਵਾ ਖ਼ਾਨ (ਅ) ਵੰਝਲ (ੲ) ਮੌਜੂ ਚੌਧਰੀ (ਸ) ਫੀਰੋਜ਼ ਡੋਗਰ 2

34. ਸਾਹਿਬਾਂ ਮਿਰਜ਼ੇ ਨੂੰ ਕੀ ਸਲਾਹ ਦਿੰਦੀ ਹੈ?
(ੳ) ਦਾਨਾਬਾਦ ਜਾਣ ਦੀ (ਅ) ਸੌਣ ਦੀ (ੲ) ਖਾਣ ਦੀ (ਸ) ਮੁਕਾਬਲਾ ਕਰਨ ਦੀ 2

35. ਯੂਸਫ਼ ਨੂੰ ਜ਼ੁਲੈਖ਼ਾਂ ਕਮਜ਼ੋਰ ਅਵਸਥਾ 'ਚ ਮਿਲ਼ਦੀ ਹੈ-
(ੳ) ਸ਼ਿਕਾਰ ਖੇਡਣ ਵੇਲ਼ੇ। (ਅ) ਵਪਾਰ ਕਰਨ ਵੇਲ਼ੇ।
(ੲ) ਮੱਝਾਂ ਚਾਰਨ ਵੇਲ਼ੇ। (ਸ) ਜੰਡ ਥੱਲੇ ਬੈਠਣ ਵੇਲ਼ੇ 2

36. ਯੂਸਫ਼ ਜ਼ੁਲੈਖ਼ਾਂ ਕਿੱਸੇ ਦਾ ਸੰਬੰਧ ਹੈ-
(ੳ) ਪ੍ਰੇਮ ਨਾਲ਼। (ਅ) ਸਦਾਚਾਰ ਨਾਲ਼।
(ੲ) ਸੂਰਮਗਤੀ ਨਾਲ਼ (ਸ) ਮਿਥਿਹਾਸ ਨਾਲ਼। 2

37. ਯੂਸਫ਼ ਜ਼ੁਲੈਖ਼ਾਂ ਦੇ ਕਿੱਸੇ ਦੀ ਕਹਾਣੀ ਸੰਬੰਧਿਤ ਹੈ:-
(ੳ) ਪੰਜਾਬੀ (ਅ) ਭਾਰਤੀ (ੲ) ਮਿਸਰ (ਸ) ਗੁਜਰਾਤੀ 2

38. ਕੱਦ ਦਾ 'ਅਲਫ਼' ਤੋਂ 'ਜ਼ੀਮ' ਹੋਣ ਦਾ ਭਾਵ ਹੈ-
(ੳ) ਕੱਦ ਲੰਮਾ ਹੋ ਜਾਣਾ। (ਅ) ਕੱਦ ਮਧਰਾ ਹੋ ਜਾਣਾ।
(ੲ) ਕੱਦ ਰੁਕ ਜਾਣਾ। (ਸ) ਕੱਦ ਦਾ ਝੁਕ ਜਾਣਾ। 2

39. ਹਾਫ਼ਿਜ਼ ਬਰਖ਼ੁਰਦਾਰ ਦਾ ਕਿੱਸਾ ਯੂਸਫ਼ ਜ਼ੁਲੈਖ਼ਾਂ ਕਿਹੜੇ ਛੰਦ ਵਿੱਚ ਲਿਖਿਆ ਹੈ?
(ੳ) ਦਵਈਆ। (ਅ) ਬੈਂਤ। (ੲ) ਕੋਰੜਾ। (ਸ) ਕਬਿੱਤ। 2

40. ਯੂਸਫ਼ ਨੂੰ ਵੇਖ ਕੇ ਕਿੱਥੋਂ ਦੀਆਂ ਔਰਤਾਂ ਆਪਣੀ ਸੁਧ-ਬੁਧ ਗੁਆ ਲੈਂਦੀਆਂ ਹਨ-
(ੳ) ਚੀਨ (ਅ) ਅਮਰੀਕਾ (ੲ) ਮਿਸਰ। (ਸ) ਮਲੇਸ਼ੀਆ। 2

41. ਜ਼ੁਲੈਖ਼ਾਂ ਨੇ ਕਿੰਨੀਆਂ ਛੱਤਾਂ ਵਾਲ਼ੇ ਮਹੱਲ ਬਣਾਏ?
(ੳ) ਪੰਜ (ਅ) ਸੱਤ (ੲ) ਛੇ (ਸ) ਤਿੰਨ 2

42. ਯੂਸਫ਼ ਦਾ ਸ਼ਿਕਾਰ ਖੇਡਣ ਜਾਣਾ ਕਿਸ ਦੇ ਲਿਖੇ ਕਿੱਸੇ 'ਤੇ ਆਧਾਰਿਤ ਹੈ?
(ੳ) ਹਾਫ਼ਿਜ਼ ਬਰਖ਼ੁਰਦਾਰ (ਅ) ਪੀਲੂ (ੲ) ਹਾਸ਼ਮ ਸ਼ਾਹ (ਸ) ਵਾਰਿਸ ਸ਼ਾਹ 2

43. ਕਿੱਸਾ 'ਯੂਸਫ਼-ਜ਼ੁਲੈਖ਼ਾਂ' ਹੈ:
(ੳ) ਭਾਰਤੀ (ਅ) ਪੰਜਾਬੀ (ੲ) ਅਮਰੀਕਨ (ਸ) ਮਿਸਰੀ 2

44. ਤੁਹਾਡੇ ਪਾਠ-ਕ੍ਰਮ 'ਚ ਵਾਰਿਸ ਸ਼ਾਹ ਦੇ ਕਿਹੜੇ ਕਿੱਸੇ 'ਚੋਂ ਲੈ ਕੇ ਅੰਸ਼ ਸ਼ਾਮਲ ਕੀਤੇ ਹਨ?
(ੳ) ਰਾਂਝੇ ਦੇ ਮੱਝਾਂ ਚਾਰਨ ਵਾਲ਼ੇ (ਅ) ਹੀਰ ਦੀ ਡੋਲੀ ਤੁਰਨ ਵੇਲ਼ੇ ਦੇ ।
(ੲ) ਰਾਂਝੇ ਦੇ ਜੋਗ ਧਾਰਨ ਕਰਨ ਵੇਲ਼ੇ ਦੇ (ਸ) ਰਾਂਝੇ ਦੇ ਜਨਮ ਮੌਕੇ ਦੇ। 2

45. ਵਾਰਿਸ ਦੇ ਕਿੱਸੇ ਦਾ ਅੰਤ ਹੈ:-
(ੳ) ਦੁਖਾਂਤਿਕ (ਅ) ਸੁਖਾਂਤਿਕ (ੲ) ਹਾਸਰਸੀ (ਸ) ਦਿਲਚਸਪ। 2

46. ਵਾਰਿਸ ਸ਼ਾਹ ਨੇ ਆਪਣੀ ਰਚਨਾ 'ਚ ਸਿਰਜਿਆ ਹੈ:-
(ੳ) ਪੰਜਾਬੀ ਸੱਭਿਆਚਾਰ (ਅ) ਦੇਸੀ ਸੱਭਿਆਚਾਰ
(ੲ) ਪੱਛਮੀ ਸੱਭਿਆਚਾਰ (ਸ) ਅਰਬੀ ਸੱਭਿਆਚਾਰ 2

47. ਰਾਂਝਾ ਕਿਸ ਉਦੇਸ਼ ਨਾਲ਼ ਜੋਗ ਧਾਰਨ ਕਰਦਾ ਹੈ-
(ੳ) ਆਤਮਿਕ ਸੰਤੁਸ਼ਟੀ ਲਈ (ਅ) ਹੀਰ ਦੇ ਮਿਲਾਪ ਲਈ
(ੲ) ਖ਼ੁਦਾ ਨਾਲ਼ ਮੇਲ ਲਈ। (ਸ) ਮਾਇਆ ਦੀ ਪ੍ਰਾਪਤੀ ਲਈ। 2

48. 'ਗੁਰੂ ਨਾਥ ਜਾ ਓਸਦੇ ਦਰਦ ਰੁੰਨਾ' ਸੰਬੰਧਿਤ ਹੈ-
(ੳ) ਕਿੱਸਾ ਹੀਰ-ਰਾਂਝਾ ਨਾਲ਼।
(ਅ) ਕਿੱਸਾ ਪੂਰਨ ਭਗਤ ਨਾਲ਼
(ੲ) ਕਿੱਸਾ ਮਿਰਜ਼ਾ-ਸਾਹਿਬਾਂ ਨਾਲ਼।
(ਸ) ਕਿੱਸਾ ਸੋਹਣੀ ਮਹੀਂਵਾਲ ਨਾਲ਼। 2

49. ਲੂਣਾ ਪੂਰਨ ਦੀ ਕੀ ਲੱਗਦੀ ਸੀ?
(ੳ) ਮਤਰੇਈ ਮਾਂ (ਅ) ਮਾਸੀ
(ੲ) ਚਾਚੀ। (ਸ) ਤਾਈ। 2

50. ਕਾਦਰਯਾਰ ਦੀ ਪ੍ਰਸਿੱਧੀ ਕਿਹੜੀ ਰਚਨਾ ਕਰ ਕੇ ਹੋਈ?
(ੳ) ਕਿੱਸਾ ਪੂਰਨ ਭਗਤ (ਅ) ਕਿੱਸਾ ਹੀਰ-ਰਾਂਝਾ
(ੲ) ਕਿੱਸਾ ਮਿਰਜ਼ਾਂ ਸਾਹਿਬਾਂ (ਸ) ਕਿੱਸਾ ਸੋਹਣੀ ਮਹੀਂਵਾਲ। 2

51. ਕਾਦਰਯਾਰ ਦੇ ਕਿੱਸੇ 'ਪੂਰਨ ਭਗਤ' ਦਾ ਅੰਤ ਹੈ:-
(ੳ) ਦੁਖਾਂਤਿਕ (ਅ) ਸੁਖਾਂਤਿਕ (ੲ) ਹਾਸਰਸੀ (ਸ) ਦਿਲਚਸਪ 2

52. ਕਿੱਸਾ ਪੂਰਨ ਭਗਤ ਦੀ ਕਹਾਣੀ ਦਾ ਮੂਲ ਆਧਾਰ ਹੈ:-
(ੳ) ਸਦਾਚਾਰ (ਅ) ਪ੍ਰੀਤ (ੲ) ਵੀਰਤਾ (ਸ) ਇਤਿਹਾਸ 2

53. 'ਪਵਣੁ ਗੁਰੂ ਪਾਣੀ ਪਿਤਾ' ਸਲੋਕ ਦਾ ਰਚਣਹਾਰ ਕੌਣ ਹੈ?
(ੳ) ਗੁਰੂ ਅੰਗਦ ਦੇਵ ਜੀ। (ਅ) ਗੁਰੂ ਅਰਜਨ ਦੇਵ ਜੀ।
(ੲ) ਗੁਰੂ ਨਾਨਕ ਦੇਵ ਜੀ। (ਸ) ਸ਼ੇਖ਼ ਫ਼ਰੀਦ ਜੀ। 2

54. 'ਫਕੜ ਜਾਤੀ ਫਕੜ ਨਾਉ' ਦੇ ਰਚਨਹਾਰ ਹਨ:
(ੳ) ਗੁਰੂ ਨਾਨਕ ਦੇਵ ਜੀ (ਅ) ਗੁਰੂ ਰਾਮਦਾਸ ਜੀ
(ੲ) ਗੁਰੂ ਅਮਰਦਾਸ ਜੀ (ਸ) ਭਾਈ ਗੁਰਦਾਸ ਜੀ 2

55. 'ਹਕੁ ਪਰਾਇਆ ਨਾਨਕਾ' ਦੇ ਰਚਨਹਾਰ ਹਨ;
(ੳ) ਗੁਰੂ ਨਾਨਕ ਦੇਵ ਜੀ (ਅ) ਗੁਰੂ ਅਰਜਨ ਦੇਵ ਜੀ
(ੲ) ਗੁਰੂ ਤੇਗ਼ ਬਹਾਦਰ ਜੀ (ਸ) ਗੁਰੂ ਅੰਗਦ ਦੇਵ ਜੀ। 2

56. 'ਪੰਜਿ ਨਿਵਾਜਾ ਵਖਤ ਪੰਜਿ ਪੰਜਾ ਪੰਜੇ ਨਾਉ' ਰਚਨਾ ਕਿਸ ਦੀ ਹੈ?
(ੳ) ਗੁਰੂ ਅਰਜਨ ਦੇਵ ਜੀ (ਅ) ਗੁਰੂ ਨਾਨਕ ਦੇਵ ਜੀ
(ੲ) ਗੁਰੂ ਰਾਮਦਾਸ ਜੀ (ਸ) ਭਾਈ ਗੁਰਦਾਸ ਜੀ 2

57. 'ਲਬੁ ਪਾਪੁ ਦੁਇ ਰਾਜਾ ਮਹਤਾ ਕੂੜੁ ਹੋਆ ਸਿਕਦਾਰ' ਦੇ ਰਚਨਹਾਰ ਹਨ:
(ੳ) ਗੁਰੂ ਨਾਨਕ ਦੇਵ ਜੀ (ਅ) ਗੁਰੂ ਅੰਗਦ ਦੇਵ ਜੀ
(ੲ) ਗੁਰੂ ਅਮਰਦਾਸ ਜੀ (ਸ) ਗੁਰੂ ਰਾਮਦਾਸ ਜੀ 2

58. 'ਦੁਖੁ ਦਾਰੂ ਸੁਖੁ ਰੋਗੁ ਭਇਆ' ਕਿਹੜੇ ਗੁਰੂ ਸਾਹਿਬ ਦੀ ਰਚਨਾ ਹੈ:
(ੳ) ਗੁਰੂ ਅਮਰਦਾਸ ਜੀ (ਅ) ਗੁਰੂ ਰਾਮਦਾਸ ਜੀ
(ੲ) ਗੁਰੂ ਅਰਜਨ ਦੇਵ ਜੀ (ਸ) ਗੁਰੂ ਨਾਨਕ ਦੇਵ ਜੀ 2

59. 'ਨਾਵਣ ਚਲੇ ਤੀਰਥੀ' ਦੇ ਰਚਨਹਾਰ ਹਨ;

(ੳ) ਗੁਰੂ ਨਾਨਕ ਦੇਵ ਜੀ (ਅ) ਗੁਰੂ ਅੰਗਦ ਦੇਵ ਜੀ

(ੲ) ਗੁਰੂ ਅਮਰਦਾਸ ਜੀ (ਸ) ਭਾਈ ਗੁਰਦਾਸ ਜੀ 2

60. 'ਮਾਘਿ ਪੁਨੀਤ ਭਈ' ਕਿਹੜੇ ਗੁਰੂ ਸਾਹਿਬ ਦੀ ਰਚਨਾ ਹੈ;

(ੳ) ਗੁਰੂ ਅਮਰਦਾਸ ਜੀ (ਅ) ਗੁਰੂ ਨਾਨਕ ਦੇਵ ਜੀ

(ੲ) ਗੁਰੂ ਅਰਜਨ ਦੇਵ ਜੀ (ਸ) ਗੁਰੂ ਰਾਮਦਾਸ ਜੀ 2

61. 'ਅੱਠੀ ਪਹਰੀ ਅਠ ਖੰਡ' ਹੇਠ ਲਿਖੇ ਗੁਰੂ ਸਾਹਿਬਾਨ ਵਿੱਚੋਂ ਕਿਹੜੇ ਗੁਰੂ ਸਾਹਿਬਾਨ ਦੀ ਰਚਨਾ ਹੈ?

(ੳ) ਗੁਰੂ ਨਾਨਕ ਦੇਵ ਜੀ (ਅ) ਗੁਰੂ ਅੰਗਦ ਦੇਵ ਜੀ

(ੲ) ਗੁਰੂ ਅਮਰਦਾਸ ਜੀ (ਸ) ਗੁਰੂ ਰਾਮਦਾਸ ਜੀ 2

62. 'ਆਖਣੁ ਆਖਿ ਨ ਰਜਿਆ' ਦੇ ਰਚਨਹਾਰ ਹਨ:

(ੳ) ਗੁਰੂ ਅਰਜਨ ਦੇਵ ਜੀ (ਅ) ਗੁਰੂ ਰਾਮਦਾਸ ਜੀ

(ੲ) ਗੁਰੂ ਅਮਰਦਾਸ ਜੀ (ਸ) ਗੁਰੂ ਅੰਗਦ ਦੇਵ ਜੀ 2

63. 'ਨਾਨਕ ਪਰਖੇ ਆਪ ਕਉ' ਦੀ ਰਚਨਾ ਕੀਤੀ ਹੈ:

(ੳ) ਗੁਰੂ ਨਾਨਕ ਦੇਵ ਜੀ (ਅ) ਗੁਰੂ ਅੰਗਦ ਦੇਵ ਜੀ

(ੲ) ਗੁਰੂ ਅਮਰਦਾਸ ਜੀ (ਸ) ਗੁਰੂ ਰਾਮਦਾਸ ਜੀ 2

64. 'ਇਹ ਜਗੁ ਸਚੇ ਕੀ ਹੈ ਕੋਠੜੀ' ਦੀ ਰਚਨਾ ਕੀਤੀ ਹੈ:

(ੳ) ਗੁਰੂ ਅਮਰਦਾਸ ਜੀ (ਅ) ਗੁਰੂ ਰਾਮ ਦਾਸ ਜੀ

(ੲ) ਗੁਰੂ ਅਰਜਨ ਦੇਵ ਜੀ (ਸ) ਗੁਰੂ ਅੰਗਦ ਦੇਵ ਜੀ 2

65. 'ਹਮ ਭੀਖਕ ਭੇਖਾਰੀ ਤੇਰੇ' ਦੇ ਰਚਨਹਾਰ ਹਨ;

(ੳ) ਗੁਰੂ ਅਰਜਨ ਦੇਵ ਜੀ (ਅ) ਗੁਰੂ ਤੇਗ ਬਹਾਦਰ ਜੀ

(ੲ) ਗੁਰੂ ਅਮਰਦਾਸ ਜੀ (ਸ) ਗੁਰੂ ਰਾਮਦਾਸ ਜੀ 2

66. 'ਸਤੀਆ ਏਹਿ ਨ ਆਖੀਅਨਿ' ਕਿਹੜੇ ਗੁਰੂ ਸਾਹਿਬ ਦੀ ਰਚਨਾ ਹੈ?

(ੳ) ਗੁਰੂ ਅਮਰਦਾਸ ਜੀ (ਅ) ਗੁਰੂ ਰਾਮਦਾਸ ਜੀ

(ੲ) ਗੁਰੂ ਅਰਜਨ ਦੇਵ ਜੀ (ਸ) ਗੁਰੂ ਤੇਗ਼ ਬਹਾਦਰ ਜੀ 2

67. 'ਅਨਦੁ ਸੁਣਹੁ ਵਡਭਾਗੀਹੋ' ਦੀ ਰਚਨਾ ਕੀਤੀ ਹੈ:

(ੳ) ਗੁਰੂ ਨਾਨਕ ਦੇਵ ਜੀ (ਅ) ਗੁਰੂ ਅੰਗਦ ਦੇਵ ਜੀ

(ੲ) ਗੁਰੂ ਅਮਰਦਾਸ ਜੀ (ਸ) ਗੁਰੂ ਰਾਮਦਾਸ ਜੀ 2

68. 'ਜਾਤਿ ਕਾ ਗਰਬੁ ਨ ਕਰੀਅਹੁ ਕੋਈ' ਕਿਹੜੇ ਗੁਰੂ ਸਾਹਿਬ ਦੀ ਰਚਨਾ ਹੈ:

(ੳ) ਗੁਰੂ ਅਮਰਦਾਸ ਜੀ (ਅ) ਗੁਰੂ ਅਰਜਨ ਦੇਵ ਜੀ

(ੲ) ਗੁਰੂ ਤੇਗ਼ ਬਹਾਦਰ ਜੀ (ਸ) ਗੁਰੂ ਰਾਮਦਾਸ ਜੀ 2

69. 'ਹਉਮੈ ਮਾਇਆ ਮੋਹਿ ਖੁਆਇਆ' ਦੇ ਰਚਨਹਾਰ ਹਨ:-

(ੳ) ਗੁਰੂ ਰਾਮਦਾਸ ਜੀ (ਅ) ਗੁਰੂ ਅਰਜਨ ਦੇਵ ਜੀ

(ੲ) ਗੁਰੂ ਤੇਗ਼ ਬਹਾਦਰ ਜੀ (ਸ) ਗੁਰੂ ਅਮਰਦਾਸ ਜੀ 2

70. 'ਮੇਰੀ ਪਟੀਆ ਲਿਖਹੁ' ਕਿਹੜੇ ਗੁਰੂ ਸਾਹਿਬ ਦੀ ਰਚਨਾ ਦਾ ਸਿਰਲੇਖ ਹੈ:

(ੳ) ਗੁਰੂ ਅਮਰਦਾਸ ਜੀ (ਅ) ਗੁਰੂ ਰਾਮਦਾਸ ਜੀ

(ੲ) ਗੁਰੂ ਅਰਜਨ ਦੇਵ ਜੀ (ਸ) ਗੁਰੂ ਤੇਗ਼ ਬਹਾਦਰ ਜੀ

71. 'ਪ੍ਰਭ ਕੀਜੈ ਕ੍ਰਿਪਾ ਨਿਧਾਨ' ਦੇ ਰਚਨਹਾਰ ਹਨ;

(ੳ) ਗੁਰੂ ਰਾਮਦਾਸ ਜੀ (ਅ) ਗੁਰੂ ਅਰਜਨ ਦੇਵ ਜੀ

(ੲ) ਭਾਈ ਗੁਰਦਾਸ ਜੀ (ਸ) ਗੁਰੂ ਤੇਗ਼ ਬਹਾਦਰ ਜੀ। 2

72. 'ਕੋਈ ਬੋਲੈ ਰਾਮ ਰਾਮ ਕੋਈ ਖੁਦਾਇ' ਦੇ ਰਚਨਹਾਰ ਹਨ;

(ੳ) ਸ਼ੇਖ਼ ਫ਼ਰੀਦ (ਅ) ਗੁਰੂ ਨਾਨਕ ਦੇਵ ਜੀ

(ੲ) ਗੁਰੂ ਰਾਮਦਾਸ ਜੀ (ਸ) ਗੁਰੂ ਅਰਜਨ ਦੇਵ ਜੀ 2

73. 'ਜੇਹੀ ਸੰਗਤ ਤੇਹਾ ਫਲ' ਕੌਣ ਕਹਿੰਦੇ ਹਨ?

(ੳ) ਭਾਈ ਗੁਰਦਾਸ ਜੀ (ਅ) ਗੁਰੂ ਨਾਨਕ ਦੇਵ ਜੀ

(ੲ) ਗੁਰੂ ਅੰਗਦ ਦੇਵ ਜੀ (ਸ) ਗੁਰੂ ਤੇਗ ਬਹਾਦਰ ਜੀ 2

74. 'ਗੁਰੂ ਨਾਨਕ ਦੇਵ ਜੀ' ਕਿਹੜੀ ਕਾਵਿ-ਧਾਰਾ ਨਾਲ਼ ਸੰਬੰਧਿਤ ਹਨ;

(ੳ) ਗੁਰਮਤਿ ਕਾਵਿ-ਧਾਰਾ (ਅ) ਬੀਰ ਕਾਵਿ-ਧਾਰਾ

(ੲ) ਆਧੁਨਿਕ ਕਾਵਿ-ਧਾਰਾ (ਸ) ਕੋਈ ਵੀ ਨਹੀਂ। 2

75. ਹਥਲੀ ਪਾਠ-ਪੁਸਤਕ ਵਿੱਚ ਭਾਈ ਗੁਰਦਾਸ ਦੀਆਂ ਰਚਨਾਵਾਂ ਕਿਹੜੇ ਕਾਵਿ-ਰੂਪ ਵਿੱਚੋਂ ਲਈਆਂ ਗਈਆਂ ਹਨ;

(ੳ) ਕਬਿੱਤ (ਅ) ਸਵੱਯੇ (ੲ) ਵਾਰਾਂ 2

76. ਇਛਾ ਪੂਰਕੁ ਸਰਬ ਸੁਖ ਦਾਤਾ' ਸ਼ਬਦ/ਸਲੋਕ/ਕਵਿਤਾ ਦਾ ਕਵੀ/ਰਚਣਹਾਰ ਕੌਣ ਹੈ?

(ੳ) ਗੁਰੂ ਨਾਨਕ ਦੇਵ ਜੀ (ਅ) ਵਜੀਦ

(ੲ) ਗੁਰੂ ਰਾਮਦਾਸ ਜੀ (ਸ) ਸ਼ੇਖ਼ ਫ਼ਰੀਦ ਜੀ। 2

77. 'ਨਾ ਕਰ ਖ਼ੁਦੀ ਗੁਮਾਨ ਜੁਆਨ ਮਰ ਜਹਿੰਗਾ' ਸਲੋਕ ਵਿੱਚ ਵਜੀਦ ਜੀ ਜੁਆਨ ਨੂੰ ਕੀ ਸੁਨੇਹਾ ਦਿੰਦੇ ਹਨ?

(ੳ) ਹੰਕਾਰੀ ਬਣਨ ਦਾ (ਅ) ਜਵਾਨੀ ਹੰਢਾਉਣ ਦਾ

(ੲ) ਖ਼ੁਦੀ ਗੁਮਾਨ ਦੇ ਤਿਆਗ ਦਾ (ਸ) ਆਪਣਾ ਕੰਮ ਆਪ ਕਰਨ ਦਾ। 2

78. ਗੁਰੂ ਅਮਰ ਦਾਸ ਜੀ ਕਿਹੜੀ ਕਾਵਿ-ਧਾਰਾ ਨਾਲ਼ ਸੰਬੰਧਿਤ ਕਵੀ ਹਨ?

(ੳ) ਬੀਰ ਕਾਵਿ-ਧਾਰਾ (ਅ) ਗੁਰਮਤਿ ਕਾਵਿ-ਧਾਰਾ

(ੲ) ਕਿੱਸਾ ਕਾਵਿ-ਧਾਰਾ (ਸ) ਆਧੁਨਿਕ ਕਾਵਿ-ਧਾਰਾ 2

79. ਫ਼ਰੀਦ ਜੀ ਮਨੁੱਖ ਨੂੰ ਸਾਰਿਆਂ ਵਿੱਚ ਪਰਮਾਤਮਾ ਦਾ ਨਿਵਾਸ ਦੇਖਣ ਖ਼ਾਤਰ ਕੀ ਬਣ ਜਾਣ ਲਈ ਕਹਿੰਦੇ ਹਨ?

(ੳ) ਸ਼ਰ੍ਹਾ ਦਾ ਅਨੁਆਈ (ਅ) ਮਾਲ਼ਾ ਫੇਰਨ ਵਾਲ਼ਾ ਫ਼ਕੀਰ

(ੲ) ਰਸਤੇ ਦੀ ਦੱਭ/ਸਹਿਣਸ਼ੀਲ ਤੇ ਨਿਰਮਾਣ (ਸ) ਦਾਨੀ। 2

80. 'ਇੱਥੇ ਰਹਿਣਾ ਨਾਹੀਂ' ਕਵਿਤਾ ਕਿਸ ਸੂਫ਼ੀ ਕਵੀ ਦੀ ਰਚਨਾ ਹੈ?

(ੳ) ਸ਼ੇਖ਼ ਫ਼ਰੀਦ ਜੀ (ਅ) ਸ਼ਾਹ ਹੁਸੈਨ

(ੲ) ਵਜੀਦ (ਸ) ਸੁਲਤਾਨ ਬਾਹੂ। 2

81. ਦਮੋਦਰ ਕਿਹੜੀ ਕਾਵਿ-ਧਾਰਾ ਨਾਲ਼ ਸੰਬੰਧਿਤ ਕਵੀ ਹੈ?

(ੳ) ਬੀਰ-ਕਾਵਿ (ਅ) ਕਿੱਸਾ-ਕਾਵਿ

(ੲ) ਗੁਰਮਤਿ-ਕਾਵਿ (ਸ) ਆਧੁਨਿਕ-ਕਾਵਿ 2

'ਆਪ-ਬੀਤੀਆਂ' ਨਾਲ਼ ਸੰਬੰਧਿਤ ਪ੍ਰਸ਼ਨ:

82. ਪ੍ਰਿੰਸੀਪਲ ਤੇਜਾ ਸਿੰਘ ਦੀ ਅੰਗਰੇਜ਼ੀ ਸਾਹਿਤ ਵਿੱਚ ਡੂੰਘੀ ਦਿਲਚਸਪੀ ਪੁਆਈ।
(ੳ) ਨੂਰਖਾਨ ਨੇ (ਅ) ਪੰਡਤ ਈਸ਼ਰ ਦਾਸ ਨੇ
(ੲ) ਲਾਲਾ ਕੁੰਦਨ ਲਾਲ ਨੇ (ਸ) ਜੈ ਕਿਸ਼ਨ ਨੇ 2

83. ਜਿਹੜੀ ਜਾਣ-ਪਛਾਣ ਬਚਪਨ ਵਿੱਚ ਪੱਲੇ ਪੈਂਦੀ ਹੈ:
(ੳ) ਉਹ ਕਿਸੇ ਕੰਮ ਨਹੀਂ ਆਉਂਦੀ (ਅ) ਉਹ ਤੋੜ ਨਿਭਦੀ ਹੈ।
(ੲ) ਉਹ ਭੁਲ-ਭੁਲਾ ਜਾਂਦੀ ਹੈ। (ਸ) ਉਹ ਹੋਰ ਕਿਧਰੇ ਨਹੀਂ ਮਿਲ਼ਦੀ। 2

84. ਉਸ ਆਲ਼ੇ-ਦੁਆਲ਼ੇ ਦਾ ਅਸਰ ਇਹ ਹੋਇਆ ਕਿ ਪ੍ਰਿੰ: ਤੇਜਾ ਸਿੰਘ ਵੀ:
(ੳ) ਚਿੱਤਰ ਬਣਾਉਣ ਲੱਗਾ (ਅ) ਕਲਮ-ਝਰੀਟ ਬਣਨ ਲੱਗਾ।
(ੲ) ਲਿਖਣ-ਪੜ੍ਹਨ ਲੱਗਾ (ਸ) ਗਾਉਣ-ਵਜਾਉਣ ਲੱਗਾ 2

85. ਪ੍ਰਿ: ਤੇਜਾ ਸਿੰਘ ਦੀ ਮਾਮੀ ਦਵਾਨ ਦੇਈ ਉਸ ਨੂੰ ਗਰਮ-ਗਰਮ ਫੁਲਕੇ ਉੱਤੇ ਕੀ ਪਾ ਕੇ ਦਿੰਦੀ ਸੀ?
(ੳ) ਸੱਕਰ (ਅ) ਚੱਟਣੀ
(ੲ) ਘਿਓ (ਸ) ਮੱਖਣ 2

86. ਪ੍ਰਿ: ਤੇਜਾ ਸਿੰਘ ਦੀ ਮਾਮੀ ਦਵਾਨ ਦੇਈ , ਸਵੇਰੇ ਤੋਂ ।
(ੳ) ਰਹਿਰਾਸ ਦਾ ਪਾਠ ਸੁਣਦੀ (ਅ) ਜਾਪੁ ਸਾਹਿਬ ਦਾ ਪਾਠ ਸੁਣਦੀ
(ੲ) ਜਪੁਜੀ ਸਾਹਿਬ ਦਾ ਪਾਠ ਸੁਣਦੀ (ਸ) ਸੁਖਮਨੀ ਸਾਹਿਬ ਦਾ ਪਾਠ ਸੁਣਦੀ। 2

87. ਪਿੰਡ ਦੇ ਚੜ੍ਹਦੇ ਪਾਸੇ ਤਾਂ ਇੱਕੋ ਲੰਮਾ ਛੱਪੜ ਸੀ, ਜਿਸ ਨੂੰ ਲੋਕ:
(ੳ) ਟੋਭਾ ਕਹਿੰਦੇ ਹਨ (ਅ) ਡੂੰਮ, ਕਹਿੰਦੇ ਸਨ,
(ੲ) ਢਾਬ ਕਹਿੰਦੇ ਸਨ (ਸ) ਤਲਾ ਕਹਿੰਦੇ ਸਨ, 2

88. ਸਾਡੇ ਦੇਸ ਦਾ ਅਖਾਣ ਹੈ-ਚੋਰੀ, ਯਾਰੀ, ਚਾਕਰੀ:
(ੳ) ਬਾਝ ਰੁਪਇਆਂ ਨਾਹੀਂ। (ਅ) ਬਾਝ ਮਿੱਤਰਾਂ ਨਾਹੀਂ।
(ੲ) ਬਾਝ ਵੈਰੀਆਂ ਨਾਹੀਂ। (ਸ) ਬਾਝ ਵਸੀਲੇ ਨਾਹੀਂ। 2

89. ਡਾਕਖ਼ਾਨੇ ਦੀ ਨੌਕਰੀ ਦੌਰਾਨ ਘਰ ਰਹਿ ਕੇ ਪ੍ਰਿੰ: ਸਾਹਿਬ ਨੂੰ ਇਹ ਪਤਾ ਲੱਗਣਾ ਸ਼ੁਰੂ ਹੋ ਗਿਆ ਕਿ ਉਸ ਦੇ ਮਾਪੇ
(ੳ) ਖਾਂਦੇ-ਪੀਂਦੇ ਸਨ। (ਅ) ਕਰਜ਼ਾਈ ਸਨ।
(ੲ) ਰੋਗੀ ਸਨ। (ਸ) ਨਿਕੰਮੇ ਸਨ। 2

90. ਮੁਲਕਾਂ ਦੀਆਂ ਸਰਹੱਦਾਂ ਉੱਤੇ ਪੁਲਿਸ ਦਾ ਪ੍ਰਮਾਣ-ਪੱਤਰ ਦੇਖਣਾ ਤੇ ਸਮਾਨ ਫੋਲਣਾ ਮਨੁੱਖ ਵਿੱਚ __________।
(ੳ) ਨਿਰਾਸਤਾ ਪੈਦਾ ਕਰਦਾ ਹੈ। (ਅ) ਘਟੀਆ ਹੋਣਾ ਦਾ ਅਹਿਸਾਸ ਪਕਿਆਂਦਾ ਹੈ।
(ੲ) ਉਤਸ਼ਾਹ ਪੈਦਾ ਕਰਦਾ ਹੈ। (ਸ) ਖ਼ੁਸ਼ੀ ਪੈਦਾ ਕਰਦਾ ਹੈ। 2

91. ਲੇਖਕ ਨਾਲ਼ ਐੱਮ.ਐੱਨ.ਰਾਏ ਨੇ ਮਿਲਣ ਲਈ ਵਿਸ਼ੇਸ਼ ਯਤਨ ਕੀਤਾ, ਕਿਉਂਕਿ
(ੳ) ਰਾਏ ਦੀ ਪਤਨੀ ਨੇ ਕਿਹਾ ਸੀ (ਅ) ਉਹ ਲੇਖਕ ਦਾ ਦੋਸਤ ਸੀ।
(ੲ) ਰਾਏ ਦੇ ਬੱਚਿਆਂ ਨੇ ਕਿਹਾ ਸੀ (ਸ) ਲੇਖਕ ਨੇ ਉਸ ਤੋਂ ਕਿਤਾਬ ਲੈਣੀ ਸੀ। 2

92. ਡਾ. ਰੰਧਾਵਾ ਦੇ ਨਿਗਰਾਨ ਪ੍ਰੋ. ਐੱਮ.ਐੱਲ. ਘੋਸ਼ ਰੰਗ ਨਹੀਂ ਪਛਾਣ ਸਕਦੇ ਸਨ, ਕਿਉਂਕਿ:
(ੳ) ਉਹਨਾਂ ਦੀ ਨਜ਼ਰ ਕਮਜ਼ੋਰ ਸੀ। (ਅ) ਉਹ ਕਲਰ-ਬਲਾਇੰਡ ਸਨ।
(ੲ) ਉਹਨਾਂ ਨੂੰ ਰੰਗਾਂ ਦਾ ਗਿਆਨ ਨਹੀਂ ਸੀ। (ਸ) ਤਿੰਨਾਂ ਵਿੱਚ ਕੋਈ ਨਹੀਂ। 2

93. ਹਜਰਤ ਈਸਾ ਨੇ ਠੀਕ ਹੀ ਕਿਹਾ ਸੀ ਕਿ, "ਯਾ ਖੁਦਾ ਮੁਝੇ __________।

(ੳ) ਗੁਲਾਮ ਨਾ ਬਣਾ (ਅ) ਸਜ਼ਾ ਨਾ ਦੇ

(ੲ) ਇਮਤਿਹਾਨ ਮੇਂ ਨਾ ਡਾਲ (ਸ) ਭੁੱਖਾ ਨਾ ਰੱਖ 2

94. ਡਾ. ਰੰਧਾਵਾ ਨੇ 21 ਜਨਵਰੀ, 1931 ਨੂੰ ਲਾਹੌਰ ਆ ਕੇ __________ ।

(ੳ) ਕਾਲਜ ਦੀ ਰੋਲ ਔਫ਼ ਆਨਰ 'ਤੇ ਦਸਖ਼ਤ ਕੀਤੇ।

(ਅ) ਕਾਲਜ ਵਿੱਚ ਲੈਕਚਰਾਰੀ ਕਰ ਲਈ ਜਾਏ।

(ੲ) ਪਬਲਿਕ ਲਾਇਬ੍ਰੇਰੀ ਵਿੱਚ ਪੈਂਫਲਿਟ ਦੇਖੇ।

(ਸ) ਆਪਣੀ ਪੜ੍ਹਾਈ ਫੇਰ ਸ਼ੁਰੂ ਕਰ ਦਿੱਤੀ। 2

95. ਲੇਖਕ ਦੇ ਰੋਕਣ ਦੇ ਬਾਵਜੂਦ ਸਿੰਬਾ ਮਾਰਨ ਤੋਂ ਨਹੀਂ ਹਟਦਾ __________।

(ੳ) ਚਿੜੀਆਂ ਨੂੰ (ਅ) ਗਲਹਿਰੀਆਂ ਨੂੰ

(ੲ) ਬਿੱਲੀਆਂ ਨੂੰ (ਸ) ਬਾਂਦਰਾਂ ਨੂੰ 2

96. ਜਦੋਂ ਸਿੰਬਾ ਦੀ ਮੌਤ ਹੋਈ ਤਾਂ ਉਹ __________।

(ੳ) 13 ਵਰ੍ਹਿਆਂ ਦਾ ਸੀ (ਅ) 11 ਵਰ੍ਹਿਆਂ ਦਾ ਸੀ।

(ੲ) 14 ਵਰ੍ਹਿਆਂ ਦਾ ਸੀ (ਸ) 12 ਵਰ੍ਹਿਆਂ ਦਾ ਸੀ। 2

97. ਅਸਲ ਵਿੱਚ ਸਿੰਬਾ __________ਨਸਲ ਦਾ ਸੀ।

(ੳ) ਜਰਮਨ ਸ਼ੈਫਰਡ (ਅ) ਅਲਸੇਸ਼ਨ

(ੲ) ਡਲਮੇਸ਼ਨ (ਸ) ਪਿਟਬੁਲ 2

98. ਜੀਨੀ, ਮੰਨੂ ਤੇ ਜੰਨਤ, ਤਿੰਨੋਂ ਬਲਵੰਤ ਗਾਰਗੀ ਦੇ __________ਸਨ।

(ੳ) ਪਤਨੀ, ਪੁੱਤਰ ਅਤੇ ਧੀ (ਅ) ਧੀ, ਪੁੱਤਰ, ਪਤਨੀ

(ੲ) ਜਾਦੂਗਰਨੀ, ਪਰੀ, ਅਤੇ ਦਿਓ (ਸ) ਤਿੰਨਾਂ ਵਿੱਚੋਂ ਕੋਈ ਨਹੀਂ। 2

99. 'ਮੇਰੇ ਬੱਚੇ ਮੇਰਾ ਮੁਹਾਂਦਰਾ' ਵਿੱਚ ਕਿਸ ਦਾ ਜਨਮ-ਦਿਨ ਸੀ?

(ੳ) ਜੀਨੀ (ਅ) ਜੰਨਤ

(ੲ) ਮਨੂੰ (ਸ) ਰਾਹੁਲ 2

100. 'ਆਪ-ਬੀਤੀਆਂ' ਪੁਸਤਕ ਵਿੱਚ ਦਰਜ 'ਮੈਂ ਤੇ ਮੇਰੇ ਦਾਰ ਜੀ' ਸ੍ਵੈਜੀਵਨੀ-ਅੰਸ਼ ਦੇ ਲੇਖਕ ਦਾ ਨਾਂ ਦੱਸੋ।

(ੳ) ਅੰਮ੍ਰਿਤਾ ਪ੍ਰੀਤਮ

(ਅ) ਅਜੀਤ ਕੌਰ

(ੲ) ਪ੍ਰਭਜੋਤ ਕੌਰ

(ਸ) ਦਲੀਪ ਕੌਰ ਟਿਵਾਣਾ 2

101. ਅੰਮ੍ਰਿਤਾ ਪ੍ਰੀਤਮ ਨੂੰ ਮਹਾਰਾਣੀ ਨਾਭਾ ਨੇ ਤੋਹਫ਼ੇ ਵਜੋਂ-

(ੳ) ਸੂਟ ਭੇਜਿਆ ਸੀ।

(ਅ) ਸਾੜ੍ਹੀ ਭੇਜੀ ਸੀ।

(ੲ) ਸ਼ਾਲ ਭੇਜਿਆ ਸੀ।

(ਸ) ਹੀਰਿਆਂ ਦਾ ਹਾਰ ਭੇਜਿਆ ਸੀ। 2

102. ਅੰਮ੍ਰਿਤਾ ਪ੍ਰੀਤਮ ਦੀਆਂ ਕੁਝ ਕਵਿਤਾਵਾਂ 'ਚੋਂ ਕਿਹੜੇ ਸਾਲ ਦਾ ਦਰਦ ਝਲਕਦਾ ਹੈ-

(ੳ) 1965 (ਅ) 1971 (ੲ) 1919 (ਸ) 1947 2

103. ਤੁਹਾਡੇ ਪਾਠ-ਕ੍ਰਮ 'ਚ ਦਰਜ ਪ੍ਰਭਜੋਤ ਕੌਰ ਦੇ ਪਾਠ ਦਾ ਕੀ ਨਾਂ ਹੈ?
(ੳ) ਮੇਰਾ ਨਾਮਕਰਨ। (ਅ) ਮੈਂ ਤੇ ਮੇਰੇ ਦਾਰ ਜੀ।
(ੲ) ਰਸੀਦੀ ਟਿਕਟ (ਸ) ਮੇਰਾ ਬਚਪਨ 2

104. ਲੇਖਕਾ (ਪ੍ਰਭਜੋਤ ਕੌਰ) ਦੇ ਜਨਮ ਦਿਨ ਦੀ ਖ਼ੁਸ਼ੀ ਵਿੱਚ ਉਸ ਦੇ ਦਾਦਾ ਜੀ ਨੇ ਸਾਰੇ ਪਿੰਡ ਵਿੱਚ ਵੰਡਣ ਲਈ ਕਿਹਾ-
(ੳ) ਲੱਡੂ (ਅ) ਬਰਫ਼ੀ (ੲ) ਜਲੇਬੀਆਂ (ਸ) ਮਿਸ਼ਰੀ ਦਾ ਕੜਾਹ 2

105. ਖ਼ਰਚਣ ਲਈ ਮਿਲ਼ੇ ਚਾਰ ਆਨਿਆਂ ਦਾ ਪ੍ਰਭਜੋਤ ਕੌਰ ਨੇ ਕੀ ਖ਼ਰੀਦਿਆ?
(ੳ) ਚੂੜੀਆਂ (ਅ) ਕਿਤਾਬਾਂ (ੲ) ਰੰਗ-ਬਿਰੰਗੇ ਭੁਕਾਨੇ (ਸ) ਕੁਲਫ਼ੀ 2

106. ਡਾ: ਵਣਜਾਰਾ ਬੇਦੀ ਨੇ ਕਿਸ ਵਿਸ਼ੇ 'ਤੇ ਪੀ.-ਐੱਚ.ਡੀ. ਕਰਨੀ ਸ਼ੁਰੂ ਕੀਤੀ?
(ੳ) ਪੰਜਾਬ ਦਾ ਲੋਕ-ਸਾਹਿਤ
(ਅ) ਪੰਜਾਬੀ ਕਵਿਤਾ
(ੲ) ਪੰਜਾਬੀ ਨਾਵਲ
(ਸ) ਪੰਜਾਬੀ ਨਾਟਕ 2

107. ਡਾ: ਸੋਹਿੰਦਰ ਸਿੰਘ ਵਣਜਾਰਾ ਬੇਦੀ ਦਾ ਕਿਹੜਾ ਪਾਠ ਤੁਹਾਡੇ ਪਾਠ-ਕ੍ਰਮ 'ਚ ਦਰਜ ਹੈ?
(ੳ) ਆਪਣੀ ਸੋਚ ਦੇ ਗਹਿਰੇ ਸਾਏ
(ਅ) ਚੰਡੀਗੜ੍ਹ ਵਿੱਚ ਨਿਯੁਕਤੀ
(ੲ) ਮੁੜ ਵੇਖਿਆ ਪਿੰਡ
(ਸ) ਅੱਧੀ ਮਿੱਟੀ ਅੱਧਾ ਸੋਨਾ 2

108. ਡਾ: ਜਸਵੰਤ ਸਿੰਘ ਨੇਕੀ ਨੂੰ ਕਿਸ ਸ਼ਹਿਰ ਨਾਲ਼ ਪਿਆਰ ਸੀ?
(ੳ) ਦਿੱਲੀ ਨਾਲ਼
(ਅ) ਬੰਬਈ ਨਾਲ਼
(ੲ) ਕਲਕੱਤੇ ਨਾਲ਼
(ਸ) ਬਠਿੰਡਾ ਨਾਲ਼। 2

109. ਲੇਖਕ (ਡਾ: ਜਸਵੰਤ ਸਿੰਘ ਨੇਕੀ) ਅਨੁਸਾਰ ਰੱਬ ਮਿਤ ਹੁੰਦਾ ਹੈ ____________
(ੳ) ਘਾਲਣਾ ਵਿੱਚ ਲੱਗਣ ਨਾਲ਼
(ਅ) ਪਾਠ-ਪੂਜਾ ਕਰਨ ਨਾਲ਼
(ੲ) ਦਾਨ-ਪੁੰਨ ਕਰਨ ਨਾਲ਼
(ਸ) ਧਾਰਮਿਕ ਸਥਾਨਾਂ ਦੀ ਯਾਤਰਾ ਕਰਨ ਨਾਲ਼ 2

110. 'ਮੁੜਕੇ ਦੀ ਖੁਸ਼ਬੋ' ਸ੍ਵੈਜੀਵਨੀ-ਅੰਸ਼ ਕਿਸ ਲੇਖਕ ਦੀ ਰਚਨਾ ਹੈ?
(ੳ) ਡਾ: ਸਰਦਾਰਾ ਸਿੰਘ ਜੌਹਲ
(ਅ) ਪ੍ਰਿੰਸੀਪਲ ਤੇਜਾ ਸਿੰਘ
(ੲ) ਮਹਿੰਦਰ ਸਿੰਘ ਰੰਧਾਵਾ
(ਸ) ਡਾ: ਜਸਵੰਤ ਸਿੰਘ ਨੇਕੀ 2

111. ਬਟਵਾਰੇ ਤੋਂ ਬਾਅਦ ਲੇਖਕ (ਸ.ਸ. ਜੌਹਲ) ਦੇ ਪਰਿਵਾਰ ਨੇ ਪੰਜਾਬ ਦੇ ਨਿਮਨਲਿਖਤ ਜ਼ਿਲ੍ਹਿਆਂ 'ਚੋਂ ਜਿਸ ਜ਼ਿਲ੍ਹੇ ਵਿੱਚ ਵਸੇਬਾ ਕੀਤਾ, ਉਹ ਸੀ____________
(ੳ) ਪਟਿਆਲ਼ਾ
(ਅ) ਅੰਮ੍ਰਿਤਸਰ
(ੲ) ਸੰਗਰੂਰ
(ਸ) ਜਲੰਧਰ 2

112. 'ਮੁੜ੍ਹਕੇ ਦੀ ਖ਼ੁਸ਼ਬੋ' ਸ੍ਵੈਜੀਵਨੀ-ਅੰਸ਼ ਸਰਦਾਰਾ ਸਿੰਘ ਜੌਹਲ ਦੀ ਕਿਹੜੀ ਸ੍ਵੈਜੀਵਨੀ 'ਚੋਂ ਲੈ ਕੇ ਸ਼ਾਮਲ ਕੀਤਾ ਹੈ?

(ੳ) ਰੰਗਾਂ ਦੀ ਗਾਗਰ।

(ਅ) ਪਿੱਤਲ ਦੀ ਗਾਗਰ

(ੲ) ਦੁੱਧ ਦੀ ਗਾਗਰ

(ਸ) ਪਾਣੀ ਦੀ ਗਾਗਰ 2

113. 'ਫ਼ਿਲਮਾਂ ਵਿੱਚ ਪ੍ਰਵੇਸ਼' ਕਿਸ ਦੀ ਰਚਨਾ ਹੈ?

(ੳ) ਦਾਰਾ ਸਿੰਘ ਦੀ

(ਅ) ਦਲੀਪ ਕੁਮਾਰ ਦੀ

(ੲ) ਅਮਿਤਾਬ ਬੱਚਨ ਦੀ

(ਸ) ਧਰਮਿੰਦਰ ਦੀ 2

114. ਦਾਰਾ ਸਿੰਘ ਨੇ ਆਪਣਾ ਸੈਕਟਰੀ ਬਣਾਇਆ__________

(ੳ) ਰਾਮ ਸਿੰਘ ਨੂੰ (ਅ) ਲਲਿਤ ਭਾਈ ਨੂੰ

(ੲ) ਬਾਬੂ ਭਾਈ ਮਿਸਤਰੀ ਨੂੰ (ਸ) ਦਰਸ਼ਨ ਨੂੰ 2

115. ਦਾਰਾ ਸਿੰਘ ਨੇ ਉਰਦੂ ਜ਼ੁਬਾਨ ਸਿੱਖੀ__________

(ੳ) ਰਾਜ ਕੁਮਾਰ ਕੋਹਲੀ ਤੋਂ (ਅ) ਓਮ ਪੁਰੀ ਤੋਂ

(ੲ) ਮਾਸਟਰ ਹਸਨ ਤੋਂ (ਸ) ਹਰਬੰਸ ਤੋਂ 2

116. 'ਮੇਰੀਆਂ ਧੀਆਂ-ਮੇਰੇ ਖੰਭ' ਸ੍ਵੈਜੀਵਨੀ-ਅੰਸ਼ ਕਿਸ ਦੀ ਰਚਨਾ ਹੈ?

(ੳ) ਅਜੀਤ ਕੌਰ।

(ਅ) ਅੰਮ੍ਰਿਤਾ ਪ੍ਰੀਤਮ

(ੲ) ਪ੍ਰਭਜੋਤ ਕੌਰ

(ਸ) ਦਲੀਪ ਕੌਰ ਟਿਵਾਣਾ 2

117. ਪੂਰਨ ਸਿੰਘ ਨੂੰ ਉਸ ਦੇ ਦੋਸਤ ਕੀ ਸਮਝਦੇ ਸਨ?

(ੳ) ਬਹੁਤ ਅਕਲਮੰਦ

(ਅ) ਵੱਡਾ ਲਿਖਾਰੀ

(ੲ) ਵਫ਼ਾਦਾਰ ਮਿੱਤਰ

(ਸ) ਨੀਮ ਪਾਗਲ। 2

118. ਪ੍ਰੇਮਾ ਮਾਲੀ ਦਾ ਕੀ ਸੀ?

(ੳ) ਨੌਕਰ

(ਅ) ਮਾਲਕ

(ੲ) ਇਕਲੌਤਾ ਪੁੱਤਰ

(ਸ) ਛੋਟਾ ਪੁੱਤਰ। 2

119. ਪੂਰਨ ਸਿੰਘ ਦਾ ਜਨਮ ਐਬਟਾਬਾਦ ਦੇ ਨੇੜੇ ਸਲਹੱਡ ਪਿੰਡ ਦੇ ਕਿਹੜੇ ਘਰ ਵਿੱਚ ਹੋਇਆ ਸੀ?

(ੳ) ਇੱਕ ਪੱਕੇ ਘਰ ਵਿੱਚ (ਅ) ਇੱਕ ਢੱਠੇ ਘਰ ਵਿੱਚ

(ੲ) ਇੱਕ ਕੱਚੇ ਘਰ ਵਿੱਚ (ਸ) ਇੱਕ ਮਹਿਲ-ਨੁਮਾ ਘਰ ਵਿੱਚ। 2

'ਸਾਹਿਤ-ਬੋਧ' ਨਾਲ਼ ਸੰਬੰਧਿਤ ਵਸਤੂਨਿਸ਼ਠ ਪ੍ਰਸ਼ਨ:-

120. ਪਿੰਗਲ ਰਿਸ਼ੀ ਦੇ ਗ੍ਰੰਥ ਦਾ ਨਾਂ ਲਿਖੋ-

(ੳ) ਕਾਵਿ-ਸੂਤਰ (ਅ) ਸੂਤਰਧਾਰ

(ੲ) ਸਾਹਿਤ-ਸੂਤਰ (ਸ) ਛੰਦ ਸੂਤਰ 2

121. ਲਘੂ ਵਰਨ ਕਿੰਨੀਆਂ ਮਾਤਰਾਵਾਂ ਦੇ ਬਰਾਬਰ ਮੰਨਿਆ ਗਿਆ ਹੈ?

(ੳ) ਦੋ ਮਾਤਰਾਵਾਂ ਦੇ ਬਰਾਬਰ (ਅ) ਤਿੰਨ ਮਾਤਰਾਵਾਂ ਦੇ ਬਰਾਬਰ

(ੲ) ਚਾਰ ਮਾਤਰਾਵਾਂ ਦੇ ਬਰਾਬਰ (ਸ) ਇੱਕ ਮਾਤਰਾ ਦੇ ਬਰਾਬਰ 2

122. ਤੁਹਾਡੇ ਪਾਠ-ਕ੍ਰਮ ਵਿੱਚ 28 ਮਾਤਰਾਵਾਂ (16+12) ਵਾਲ਼ਾ ਕਿਹੜਾ ਛੰਦ ਹੈ:-

(ੳ) ਬੈਂਤ ਛੰਦ (ਅ) ਚੌਪਈ ਛੰਦ

(ੲ) ਦੋਹਰਾ ਛੰਦ (ਸ) ਦਵਈਆ ਛੰਦ 2

123. ਦੋਹਰਾ ਛੰਦ ਦੀ ਹਰੇਕ ਤੁਕ ਵਿੱਚ ਮਾਤਰਾਵਾਂ ਹੁੰਦੀਆਂ ਹਨ:-

(ੳ) 28 (ਅ) 40

(ੲ) 24 (ਸ) 16 2

124. 'ਫਿਰ ਰੂਪ, ਸਰੂਪ, ਅਨੂਪ ਦਿਸੇ।' ਇਸ ਤੁਕ ਵਿੱਚ ਕਿਹੜਾ ਅਲੰਕਾਰ ਨਜ਼ਰ ਆਉਂਦਾ ਹੈ:-

(ੳ) ਉਪਮਾ ਅਲੰਕਾਰ (ਅ) ਦ੍ਰਿਸ਼ਟਾਂਤ ਅਲੰਕਾਰ

(ੲ) ਰੂਪਕ ਅਲੰਕਾਰ (ਸ) ਅਨੁਪ੍ਰਾਸ ਅਲੰਕਾਰ 2

125. ਰੂਪਕ ਅਲੰਕਾਰ 'ਚੋਂ ਤੱਤ ਅਲੋਪ ਹੁੰਦਾ ਹੈ:-

(ੳ) ਵਾਚਕ ਸ਼ਬਦ। (ਅ) ਉਪਮੇਯ

(ੲ) ਉਪਮਾਨ (ਸ) ਸਾਂਝਾ ਧਰਮ 2

126. ਦ੍ਰਿਸ਼ਟਾਂਤ ਅਲੰਕਾਰ ਵਿੱਚ ਉਪਮੇਯ ਵਾਕ ਅਤੇ ਉਪਮਾਨ ਵਾਕ ਦਾ ਸੰਬੰਧ ਹੁੰਦਾ ਹੈ:

(ੳ) ਚੰਨ ਤੇ ਚਾਨਣੀ। (ਅ) ਦਿਨ-ਰਾਤ

(ੲ) ਧਰਤੀ-ਅਕਾਸ਼ (ਸ) ਬਿੰਬ-ਪ੍ਰਤਿਬਿੰਬ 2

127. ਚਾਂਦੀ ਵਰਗਾ ਰੰਗ ਹੈ ਗੋਰਾ,
ਸੋਨੇ ਵਰਗੇ ਵਾਲ ਸੁਨਹਿਰੀ। ਇਹਨਾਂ ਸਤਰਾਂ 'ਚ ਅਲੰਕਾਰ ਹੈ-

(ੳ) ਉਪਮਾ ਅਲੰਕਾਰ (ਅ) ਰੂਪਕ ਅਲੰਕਾਰ

(ੲ) ਅਤਿਕਥਨੀ ਅਲੰਕਾਰ (ਸ) ਅਸੰਗਤੀ ਅਲੰਕਾਰ 2

128. ਹਾਸ ਰਸ ਦਾ ਸਥਾਈ ਭਾਵ ਹੈ:-

(ੳ) ਪ੍ਰੀਤ (ਅ) ਉਤਸ਼ਾਹ

(ੲ) ਹਾਸਾ (ਸ) ਸ਼ੋਕ 2

129. ਰੌਦਰ ਰਸ ਦਾ ਸਥਾਈ ਭਾਵ ਹੈ:-

(ੳ) ਕਰੋਧ (ਅ) ਹੈਰਾਨੀ

(ੲ) ਸ਼ਾਂਤੀ (ਸ) ਕਰੁਣਾ 2

130. ਪ੍ਰੀਤ/ਪਿਆਰ ਸਥਾਈ ਭਾਵ ਹੈ:

(ੳ) ਹਾਸ ਰਸ ਦਾ (ਅ) ਅਦਭੁਤ ਰਸ ਦਾ

(ੲ) ਸ਼ਿੰਗਾਰ ਰਸ ਦਾ (ਸ) ਰੌਦਰ ਰਸ ਦਾ 2

131. ਕਿਸ ਸਾਹਿਤਿਕ ਰੂਪ ਦਾ ਆਦਿ ਅਤੇ ਅੰਤ ਘੋੜ-ਦੌੜ ਵਰਗਾ ਹੁੰਦਾ ਹੈ।

(ੳ) ਕਵਿਤਾ (ਅ) ਨਿੱਕੀ ਕਹਾਣੀ

(ੲ) ਨਾਵਲ (ਸ) ਸ੍ਵੈਜੀਵਨੀ 2

132. ਕਿਹੜੀ ਸਾਹਿਤਿਕ ਰਚਨਾ ਹੈ ਜਿਸ ਵਿੱਚ ਲੇਖਕ ਆਪਣੇ ਜੀਵਨ ਸੰਬੰਧੀ ਬਿਓਰਾ ਪੇਸ਼ ਕਰਦਾ ਹੈ?

(ੳ) ਸ੍ਵੈਜੀਵਨੀ (ਅ) ਜੀਵਨੀ

(ੲ) ਰੇਖਾ-ਚਿਤਰ (ਸ) ਨਿਬੰਧ 2

133. ਹੇਠ ਲਿਖੀਆਂ ਤੁਕਾਂ ਵਿੱਚ ਕਿਹੜਾ ਅਲੰਕਾਰ ਹੈ?

ਹੁਸਨ ਓਸ ਦਾ ਮੈਂ ਕੀ ਆਖਾਂ
ਤੱਕਣ ਨਾਲ਼ ਪੈਂਦੀਆਂ ਲਾਸਾਂ।

(ੳ) ਰੂਪਕ (ਅ) ਉਪਮਾ (ੲ) ਅਤਿਕਥਨੀ (ਸ) ਦ੍ਰਿਸ਼ਟਾਂਤ। 2

134. ਜਦੋਂ ਕਾਵਿ-ਤੁਕ ਵਿੱਚ ਸ਼ਬਦਾਂ ਜਾਂ ਵਰਨਾਂ ਦਾ ਵਾਰ-ਵਾਰ ਦੁਹਰਾਓ ਹੋਵੇ ਤਾਂ ਕਿਹੜਾ ਅਲੰਕਾਰ ਹੁੰਦਾ ਹੈ?

(ੳ) ਅਨੁਪ੍ਰਾਸ (ਅ) ਉਪਮਾ (ੲ) ਰੂਪਕ (ਸ) ਦ੍ਰਿਸ਼ਟਾਂਤ 2

135. ਕਿਹੜੇ ਅਲੰਕਾਰ ਦਾ ਮੰਤਵ ਇੱਕ ਚਮਤਕਾਰ ਪੈਦਾ ਕਰਨ ਹੁੰਦਾ ਹੈ?

(ੳ) ਰੂਪਕ (ਅ) ਉਪਮਾ (ੲ) ਅਤਿਕਥਨੀ (ਸ) ਦ੍ਰਿਸ਼ਟਾਂਤ। 2

**ਪ੍ਰਸ਼ਨ-ਪੱਤਰ ਦੇ ਪ੍ਰਸ਼ਨ 6 ਤੋਂ 10 ਨਾਲ਼ ਸੰਬੰਧਿਤ ਪ੍ਰਸ਼ਨ: (1 ਤੋਂ 103)**

**ਮੱਧ-ਕਾਲੀਨ ਪੰਜਾਬੀ-ਕਾਵਿ (ਝਲਕਾਂ ਤੇ ਇਤਿਹਾਸ):**

**ਖ਼ਾਲੀ ਥਾਂਵਾਂ ਭਰੋ:**

1. ਫ਼ਰੀਦ ਜੀ ਜੀਵ ਇਸਤਰੀ ਨੂੰ __________ਗੁਣ ਧਾਰਨ ਕਰਨ ਲਈ ਕਹਿੰਦੇ ਹਨ। 2
2. "ਫਰੀਦਾ ਬੁਰੇ ਦਾ ਭਲਾ ਕਰਿ" ਸਲੋਕ ਵਿੱਚ ਸ਼ੇਖ ਫ਼ਰੀਦ ਜੀ ਮਨੁੱਖ ਨੂੰ ਸਭ ਦਾ ਭਲਾ ਕਰਨ ਅਤੇ ਮਨ ਵਿੱਚ ਗੁੱਸਾ ਨਾ ਰੱਖਣ ਲਈ __________ਕਰਦੇ ਹਨ। 2
3. ਵਜੀਦ ਜੀ ਦੇ ਸਲੋਕ ਅਨੁਸਾਰ ਨਿੰਮ ਵਿੱਚ __________ਸਿੰਚਣ ਦੇ ਬਾਵਜੂਦ ਵੀ ਮਿੱਠੀ ਨਹੀਂ ਹੁੰਦੀ। 2
4. ਵਜੀਦ ਜੀ ਨੇ ਆਪਣੇ ਸਲੋਕਾਂ ਵਿੱਚ 'ਸਾਹਿਬ' __________ਨੂੰ ਆਖਿਆ ਹੈ। 2
5. ਵਜੀਦ ਜੀ "ਨਾ ਕਰ ਖੁਦੀ ਗੁਮਾਨ, ਜੁਆਨ ਮਰ ਜਾਹਿੰਗਾ" ਸਲੋਕ ਵਿੱਚ ਜੁਆਨ ਨੂੰ __________ਸੁਨੇਹਾ ਦਿੰਦੇ ਹਨ। 2
6. "ਮਾਇਆ ਰਸ ਲਗਿ ਭੂਲੇ ਮੌਤ ਨਹਿੰ ਸੁਝਈ" ਸਲੋਕ ਵਿੱਚ ਵਜੀਦ ਜੀ ਮਨੁੱਖ ਨੂੰ __________ਦਾ ਨਾਂ ਹਿਰਦੇ ਵਿੱਚ ਧਿਆਉਣ ਲਈ ਪ੍ਰੇਰਿਤ ਕਰਦੇ ਹਨ। 2
7. ਆਪਣੇ ਪਾਠ-ਕ੍ਰਮ 'ਚ ਦਰਜ ਰਚਨਾ 'ਕੈ ਬਾਗ਼ੈ ਦੀ ਮੂਲੀ' __________ਰਚਨਾ ਹੈ। 2
8. 'ਮੁਸ਼ਕਲ ਘਾਟ ਫ਼ਕੀਰੀ ਦਾ' ਰਚਨਾ ਵਿੱਚ 'ਘਾਟ' ਸ਼ਬਦ ਦਾ ਅਰਥ __________ਹੈ। 2
9. ਸ਼ਾਹ ਹੁਸੈਨ ਦੀ ਕਾਫ਼ੀ 'ਪਾਵੇਂਗਾ ਦੀਦਾਰ ਸਾਹਿਬ ਦਾ' ਦੀ ਅਗਲੀ ਸਤਰ ਪੂਰੀ ਕਰੋ- ਫਕੀਰਾ ਹੋਰ ਭੀ __________ਹੋਇ। 2
10. ਸੁਲਤਾਨ ਬਾਹੂ ਦੀ ਕਾਫ਼ੀ ਆਧਾਰਿਤ ਹੇਠ ਲਿਖੀ ਸਤਰ ਪੂਰੀ ਕਰੋ- ਪੱਥਰ ਚਿਤ ਜਿਨ੍ਹਾਂ ਦਾ ਬਾਹੂ ਓਥੇ ਜ਼ਾਇਆ ਵਸਨਾਂ __________ ਹੂ। 2
11. ਸੁਲਤਾਨ ਬਾਹੂ ਅਜਿਹਾ ਮੁਰਸ਼ਦ ਚਾਹੁੰਦਾ ਹੈ ਜਿਹੜਾ __________ਵਿੱਚ ਵੱਸੇ। 2

12. ਬੁੱਲ੍ਹੇ ਸ਼ਾਹ __________ ਕਾਵਿ-ਧਾਰਾ ਦਾ ਪ੍ਰਸਿੱਧ ਕਵੀ ਹੋਇਆ ਹੈ। 2

13. ਬੁੱਲੇ ਸ਼ਾਹ ਦੀ ਸਤਰ 'ਮੂੰਹ ਆਈ __________ ਨਾ ਰਹਿੰਦੀ ਏ' ਪੂਰੀ ਕਰੋ। 2

14. 'ਮੂੰਹ ਆਈ ਬਾਤ ਨਾ ਰਹਿੰਦੀ ਏ' ਕਾਫ਼ੀ ਵਿੱਚ ਬੁੱਲ੍ਹੇ ਸ਼ਾਹ ਅਨੁਸਾਰ ਹਰ-ਹਰ ਵਿੱਚ __________ ਦੀ ਸੂਰਤ ਵਸਦੀ ਹੈ। 2

15. ਬੁੱਲ੍ਹੇ ਸ਼ਾਹ ਦੀ ਕਾਫ਼ੀ ਆਧਾਰਿਤ ਹੇਠ ਲਿਖੀ ਤੁਕ ਪੂਰੀ ਕਰੋ-
'ਸੱਚਿਆਂ ਨੂੰ ਹੁਣ ਮਿਲਦੇ ਧੱਕੇ __________ ਕੋਲ਼ ਬਿਠਾਏ। 2

16. 'ਤੋਬਾ ਨਾ ਕਰ ਯਾਰ ਕੈਸੀ ਤੋਬਾ ਹੈ' ਕਾਫ਼ੀ ਵਿੱਚ ਸ਼ਬਦ 'ਇਸਤਗ਼ਫ਼ਾਰ' ਤੋਂ ਭਾਵ ਗੁਨਾਹ ਬਖ਼ਸ਼ਾਉਣ ਲਈ __________ ਕਰਨੀ ਹੈ। 2

17. 'ਜਿਸ ਪਾਇਆ ਭੇਤ ਕਲੰਦਰ ਦਾ' ਬੁੱਲ੍ਹੇ ਸ਼ਾਹ ਦੀ ਇਸ ਕਵਿਤਾ ਵਿੱਚ 'ਕਲੰਦਰ' ਸ਼ਬਦ ਤੋਂ ਭਾਵ ਹੈ __________। 2

18. ਸ਼ਾਹ ਹੁਸੈਨ ਦੇ ਇੱਕ ਦੋਹੜੇ 'ਚ ਆਏ ਸ਼ਬਦ 'ਤਸਬੀ' ਤੋਂ ਭਾਵ __________ ਹੈ। 2

19. 'ਹਾਸ਼ਮ ਬੈਠ ਗਈਆਂ ਲਖ ਡਾਰਾਂ ਇਹ ਜਗਤ ਮੁਸਾਫ਼ਰਖਾਨਾ' ਇਸ ਦੋਹੜੇ ਵਿੱਚ 'ਮੁਸਾਫ਼ਰਖਾਨਾ' __________ ਨੂੰ ਕਿਹਾ ਗਿਆ ਹੈ। 2

20. 'ਨਹੀਂ ਕਬੂਲ ਇਬਾਦਤ ਤੇਰੀ, ਤੂੰ ਜਬ ਲਗ __________ ਨਾ ਹੋਵੇਂ। ਹਾਸ਼ਮ ਦੇ ਦੋਹੜੇ ਆਧਾਰਿਤ ਇਸ ਸਤਰ ਨੂੰ ਪੂਰਾ ਕਰੋ। 2

21. 'ਮੂਰਖ ਲੋਕ ਸਦਾ ਸੁਖ ਸੌਂਦੇ ਅਤੇ ਖ਼ੂਬ __________ ਪੈਸਾ। ਹਾਸ਼ਮ ਸ਼ਾਹ ਦੇ ਦੋਹੜੇ 'ਚੋਂ ਲਈ ਗਈ ਇਸ ਸਤਰ ਵਿਚਲੀ ਖ਼ਾਲੀ ਥਾਂ ਭਰੋ। 2

22. 'ਇੱਕ ਸ਼ਬ ਉਮਰ ਗੁਲਾਂ ਦੀ ਓੜਕ ਅਤੇ ਖਾਰ ਰਹੇ ਨਿਤ ਓਵੇਂ' ਇਸ ਸਤਰ ਵਿੱਚ 'ਖਾਰ' ਸ਼ਬਦ ਤੋਂ ਭਾਵ __________ ਹੈ। 2

23. ਸ਼ਹੁ ਰਾਂਝਾ ਅਲਬੇਲਾ' ਕਾਫ਼ੀ ਵਿੱਚ ਖ਼ਵਾਜ਼ਾ ਗ਼ੁਲਾਮ ਫ਼ਰੀਦ ਨੇ __________ ਕੋਲ਼ੋਂ ਡਰਨ ਲਈ ਸੰਕੇਤ ਕੀਤਾ ਹੈ। 2

24. 'ਕਾਫ਼ੀ ਸ਼ਹੁ ਰਾਂਝਾ ਅਲਬੇਲਾ' ਜੋਗੀ ਅਤੇ ਜੋਗਿਆਣੀ ਸ਼ਬਦ __________ ਵੱਲ ਸੰਕੇਤ ਹਨ। 2

25. ਖ਼ਵਾਜ਼ਾ ਗ਼ੁਲਾਮ ਫ਼ਰੀਦ ਦੀ ਕਾਫ਼ੀ ਆਧਾਰਿਤ ਹੇਠ ਲਿਖੀ ਸਤਰ ਪੂਰੀ ਕਰੋ-
ਰਾਵਲ __________ ਜੋੜ ਸੁਣਾਈ। 2

26. 'ਸਾਲੂ ਦਾ ਪੱਲਾ ਅਟਕਿਆ' ਤੁਕ ਵਿੱਚ ਸਾਲੂ ਤੋਂ ਭਾਵ __________ ਹੈ। 2

27. ਸਾਹਿਬਾਂ ਦੇ ਬਾਪ ਦਾ ਨਾਂ __________ ਸੀ। 2

28. 'ਜ਼ੁਲੈਖ਼ਾਂ ਦੇ ਹੁਸਨ ਦੀ ਪ੍ਰਸੰਸਾ' ਕਿੱਸਾ ਕਵੀ __________ ਦੀ ਰਚਨਾ ਹੈ। 2

29. ਹਾਫ਼ਿਜ਼ ਬਰਖ਼ੁਰਦਾਰ __________ ਦਾ ਸਮਕਾਲੀ ਸੀ। 2

30. ਹਾਫ਼ਿਜ਼ ਬਰਖ਼ੁਰਦਾਰ ਦਾ ਸਭ ਤੋਂ ਪ੍ਰਸਿੱਧ ਕਿੱਸਾ __________ ਹੈ। 2

31. 'ਯੂਸਫ਼ ਜ਼ੁਲੈਖ਼ਾਂ ਦਾ ਕਿੱਸਾ ਸਭ ਤੋਂ ਪਹਿਲਾਂ __________ ਨੇ ਲਿਖਿਆ। 2

32. 'ਮੂੰਹ ਮਹਿਤਾਬ, ਸਨੋਬਰ ਕਾਮਤ, ਅੱਖੀਂ ਰੋਸ਼ਨ ਦੀਵੇ' ਤੁਕ ਵਿੱਚ 'ਮਹਿਤਾਬ' ਸ਼ਬਦ ਤੋਂ ਭਾਵ __________ ਹੈ। 2

33. ਵਾਰਿਸ ਸ਼ਾਹ ਅਨੁਸਾਰ ਜੋਗ ਦਾ ਪੰਥ __________ ਨੇ ਬਣਾਇਆ। 2

34. ਬਾਲਨਾਥ, ਰਾਂਝੇ ਨੂੰ ਨ੍ਹਾਉਣ ਬਾਅਦ ਸਰੀਰ ਉੱਤੇ __________ ਮਲਣ ਲਈ ਕਹਿੰਦਾ ਹੈ।2

35. ਬਾਲਨਾਥ ਨੇ ਰਾਂਝੇ ਨੂੰ ਜੋਗ ਦੇਣ ਸਮੇਂ ਵੱਡੀ ਤੇ ਛੋਟੀ ਇਸਤਰੀ ਨੂੰ __________ ਸਤਿਕਾਰ ਦੇਣ ਦੀ ਸਲਾਹ ਦਿੱਤੀ। 2

36. 'ਬਿਨਾਂ ਮੁਰਸ਼ਦ ਰਾਹ ਨਾ ਹੱਥ ਆਵੇ ਦੁੱਧ ਬਾਝ ਨਾ ਰਿਝਦੀ ਖੀਰ ਮੀਆਂ' ਇਹ ਤੁਕ ___________ ਕਿੱਸੇ 'ਚੋਂ' ਲਈ ਗਈ ਹੈ। 2

37. ਜੋਗ ਦੇਣ ਸਮੇਂ ਰਾਂਝੇ ਦੇ ਕੰਨਾਂ 'ਚ ___________ ਪਾਈਆਂ ਗਈਆਂ। 2

38. ਵਾਰਿਸ ਸ਼ਾਹ ਦੇ ਕਿੱਸੇ 'ਚੋਂ ਲਏ ਗਏ ਸ਼ਬਦ ਜਟਾਂ, ਚਿੱਪੀ, ਖੱਪਰੀ, ਬਿਭੂਤ ___________ ਬਾਰੇ ਹਨ। 2

39. ਵਾਰਿਸ ਦੀ 'ਹੀਰ' ਪੰਜਾਬੀ ਕਿੱਸਾ-ਕਾਵਿ ਦਾ ___________ ਹੈ। 2

40. ਪੂਰਨ ਭਗਤ ___________ ਸਾਲ ਭੋਰੇ 'ਚ ਰਿਹਾ। 2

41. ਪੂਰਨ ਭਗਤ ਨੂੰ ਖੂਹ ਵਿੱਚੋਂ ਕੱਢਣ ਬਾਅਦ ਨੈਣ-ਪਰਾਣ ___________ ਨੇ ਬਖ਼ਸ਼ੇ। 2

42. 'ਪੂਰਨ ਦਾ ਗੁਰੂ ਗੋਰਖ ਨੂੰ ਆਪਣਾ ਹਾਲ ਦੱਸਣਾ' ___________ ਰਚਨਾ ਹੈ। 2

43. ਕਾਦਰਯਾਰ ਨੇ ਪੂਰਨ ਭਗਤ ਦਾ ਕਿੱਸਾ ___________ 'ਚ ਲਿਖਿਆ। 2

44. 'ਕੈ ਬਾਗ਼ੇ ਦੀ ਮੂਲੀ' ___________ ਕਿਸ ਦੀ ਰਚਨਾ ਹੈ। 2

45. 'ਮੁਸ਼ਕਲ ਘਾਟ ਫ਼ਕੀਰੀ ਦਾ' ___________ ਦੀ ਰਚਨਾ ਹੈ। 2

46. 'ਮੂੰਹ ਆਈ ਬਾਤ ਨਾ ਰਹਿੰਦੀ ਏ' ___________ ਦੀ ਰਚਨਾ ਹੈ। 2

**ਆਪ-ਬੀਤੀਆਂ:-**

47. ਆਪਣਾ ਅੰਤ ਨੇੜੇ ਆਉਂਦਾ ਜਾਣ ਕੇ ___________ ਦਾ ਪਿਤਾ ਕਾਸ਼ੀ ਚਲਾ ਗਿਆ। 2

48. ਬਖ਼ਸ਼ੀ ਕਿਰਪਾ ਰਾਮ ਜਦੋਂ ਲੇਖਕ ਦੇ ਘਰ ਆਉਂਦਾ ਤਾਂ ਉਹ ___________ ਦੀ ਮੂਰਤੀ ਵੀ ਆਪਣੇ ਨਾਲ਼ ਲੈ ਕੇ ਆਉਂਦਾ। 2

49. ਡਾ. ਮਹਿੰਦਰ ਸਿੰਘ ਰੰਧਾਵਾ ਦਾ ਥੀਸਸ ਪੰਜਾਬ ਦੀਆਂ ___________ 'ਤੇ ਸੀ। 2

50. ਗੁਰਬਖ਼ਸ਼ ਸਿੰਘ ਪ੍ਰੀਤਲੜੀ ਉਤੇ ___________ ਦੇ ਸਾਹਿਤ ਦਾ ਬਹੁਤ ਪ੍ਰਭਾਵ ਸੀ। 2

51. ___________ ਸਿੰਘ ਅੱਜ ਸਾਡੇ ਕੋਲ਼ੋਂ ਨਹੀਂ ਜਾਣਗੇ-ਇੱਕ ਦਿਨ ਹੋਰ ਰਹਿਣਗੇ। 2

52. ਜੀਨੀ ਬੋਲੀ 'ਇਹ ਫ਼ਰਾਕ ਏ। ਤੇਤੀ ਸਾਲ ਪਹਿਲਾਂ ਮੈਂ ਇਸ ਨੂੰ ਪਾਇਆ ਸੀ, ਜਦੋਂ ਮੈਂ ___________. 2

53. ਅਸੀਂ ਜੋੜਾ ਵੇਚਦੇ ਹਾਂ। ਇਕੱਲਾ ਤੋਤਾ - ਹੋ ਕੇ ਛੇਤੀ ਮਰ ਜਾਂਦਾ ਹੈ। 2

54. ਤੂੰ ਅਮਰੀਕਾ ਨੂੰ ___________ ਪੜ੍ਹ ਕੇ ਜੱਜ ਨਹੀਂ ਕਰ ਸਕਦੀ। (ਤਿੰਨ ਸਾਲਾਂ ਦੀ ਸੀ, ਟਾਇਮ ਮੈਗਜ਼ੀਨ, ਉਦਾਸ) 2

55. ਅੰਮ੍ਰਿਤਾ ਪ੍ਰੀਤਮ ਨੂੰ 200 ਰੁਪਏ ਦਾ ਇਨਾਮ ___________ ਨੇ ਭੇਜਿਆ। 2

56. ਪ੍ਰੀਤਮ ਕੌਰ, ਅੰਮ੍ਰਿਤਾ ਪ੍ਰੀਤਮ ਦੀ ___________ ਸੀ। 2

57. ਸਿੱਖ ਇਤਿਹਾਸ ਲੋਕਾਂ ਤੱਕ ਪਹੁੰਚਾਉਣ ਲਈ ਅੰਮ੍ਰਿਤਾ ਪ੍ਰੀਤਮ ਦੇ ਪਿਤਾ ਜੀ ਨੇ ___________ ਬਣਵਾਈਆਂ। 2

58. ਮੇਰੇ ਪਿਤਾ ਜੀ ਦੀ ਥਾਂ ਮੇਰਾ ਆਪਣਾ ਮੱਥਾ ___________ ਬਣ ਗਿਆ। ('ਮੈਂ ਤੇ ਮੇਰੇ ਦਾਰ ਜੀ' ਪਾਠ 'ਤੇ ਆਧਾਰਿਤ ਖ਼ਾਲੀ ਥਾਂ ਭਰੋ) 2

59. ਪ੍ਰਭਜੋਤ ਕੌਰ ਨੂੰ ਲਾਹੌਰ ਦੇ ___________ ਸਕੂਲ ਵਿੱਚ ਦਾਖ਼ਲ ਕਰਵਾਉਣ ਦਾ ਫ਼ੈਸਲਾ ਹੋਇਆ। 2

60. ___________ ਦੀ ਆਪਣੀ ਹੀ ਇੱਕ ਧੁਨ ਸੀ-ਅਹਿੰਸਾ। ('ਮੇਰਾ ਨਾਮਕਰਨ' ਪਾਠ 'ਤੇ ਆਧਾਰਿਤ ਖ਼ਾਲੀ ਥਾਂ ਭਰੋ) 2

61. "ਉੱਚੀਆਂ-ਲੰਮੀਆਂ ਟਾਹਲੀਆਂ" ਲੇਖਕ (ਵਣਜਾਰਾ ਬੇਦੀ) ਦੀ ਗੁਆਂਢਣ ਕੁੜੀ ________ਗਾ ਰਹੀ ਸੀ। 2

62. 'ਆਪਣੀ ਸੋਚ ਦੇ ਗਹਿਰੇ ਸਾਏ' ਪਾਠ ਅਨੁਸਾਰ ਲੇਖਕ ਕੋਲ਼ ਸਾਈਕਲ-ਸਟੈਂਡ ਵਾਲ਼ੇ ਨੂੰ ਦੇਣ ਲਈ......... ਪੈਸੇ ਨਹੀਂ ਸਨ। 2

63. ਨਵਾਂ ਸਾਈਕਲ ਖ਼ਰੀਦਣ ਲਈ ਵਣਜਾਰਾ ਬੇਦੀ ਨੂੰ ਆਪਣੀ ਪਤਨੀ ਦਾ ________ਵੇਚਣਾ ਪਿਆ। 2

64. ਡਾ: ਜਸਵੰਤ ਸਿੰਘ ਨੇਕੀ ਨੇ ਆਪਣੀ ਸ੍ਵੈਜੀਵਨੀ ________ਰੂਪ 'ਚ ਲਿਖੀ ਹੈ। 2

65. ਤੁਹਾਡੇ ਪਾਠ-ਕ੍ਰਮ 'ਚ ਦਰਜ ਡਾ: ਜਸਵੰਤ ਸਿੰਘ ਨੇਕੀ ਦਾ ________ਪਾਠ ਦਰਜ ਹੈ। 2

66. 'ਚੰਡੀਗੜ੍ਹ ਵਿੱਚ ਨਿਯੁਕਤੀ' ਪਾਠ ਅਨੁਸਾਰ ਲੇਖਕ ਚੰਡੀਗੜ੍ਹ ਤੋਂ ਪਹਿਲਾਂ ________ ਵਿਖੇ ਨੌਕਰੀ ਕਰਦਾ ਸੀ। 2

67. 'ਵਿਹਲ ਨਾ ਸੀ ਆਪਣੇ ਕੁਟੰਬ ਪਾਸ ਬਹਿਣ ਦੀ' ਡਾ: ਜਸਵੰਤ ਸਿੰਘ ਨੇਕੀ ਦੀ ਇਸ ਤੁਕ ਵਿੱਚ 'ਕੁਟੰਬ' ਤੋਂ ਭਾਵ ________ਹੈ। 2

68. ਡਾ: ਜਸਵੰਤ ਸਿੰਘ ਨੇਕੀ ਦੀ 'ਚੰਡੀਗੜ੍ਹ ਵਿੱਚ ਨਿਯੁਕਤੀ' ਪਾਠ 'ਚੋਂ ________ਆਦਮੀ ਵਜੋਂ ਸ਼ਖ਼ਸੀਅਤ ਉੱਭਰ ਕੇ ਸਾਮ੍ਹਣੇ ਆਉਂਦੀ ਹੈ। 2

69. ਲੇਖਕ (ਸ.ਸ. ਜੌਹਲ) ਨੂੰ ਪੜ੍ਹਨੋਂ ਇਸ ਲਈ ਹਟਾ ਲਿਆ ਗਿਆ ਸੀ ਕਿਉਂਕਿ ਲੇਖਕ ਦੇ ਘਰ ਦੇ ਸਮਝਦੇ ਸਨ ਕਿ ਪੜ੍ਹ ਕੇ ਕਿਹੜਾਂ ਇਹਨੇ ________ਬਣ ਜਾਣਾ। 2

70. 'ਰੱਬਾ-ਰੱਬਾ, ਰਿਜ਼ਕ ਨਾ ਦੇਵੀਂ, ਮਾਂ ________ਲਿਆਉਣ ਲਈ ਆਖੇਗੀ।' 2

71. ਸਰਦਾਰਾ ਸਿੰਘ ਜੌਹਲ ਨੂੰ ________ਜਮਾਤ ਤੋਂ ਬਾਅਦ ਪੜ੍ਹਨੋਂ ਹਟਾ ਲਿਆ ਸੀ। 2

72. 'ਮੁੜ੍ਹਕੇ ਦੀ ਖ਼ੁਸ਼ਬੋ' ਪਾਠ ਅਨੁਸਾਰ ਲੇਖਕ ਬਚਪਨ ਦੀ ਸਭ ਤੋਂ ਵੱਡੀ ਦੇਣ________ਨੂੰ ਸਮਝਦਾ ਹੈ। 2

73. ਦਾਰਾ ਸਿੰਘ ਨੇ ਸਭ ਤੋਂ ਪਹਿਲਾਂ -ਫ਼ਿਲਮ 'ਚ ਕੁਸ਼ਤੀ ਲੜੀ। 2

74. 1962 ਦੇ________ ਮਹੀਨੇ ਦਾਰਾ ਸਿੰਘ ਨੇ ਆਪਣੀ ਪਤਨੀ ਅਤੇ ਧੀ ਨੂੰ ਵੀ ਬੰਬਈ ਬੁਲਾ ਲਿਆ ਸੀ। 2

75. 'ਕਿੰਗਕਾਂਗ' ਫ਼ਿਲਮ ਦਾ ਨਿਰਮਾਤਾ ________ਸੀ। 2

76. ਦਾਰਾ ਸਿੰਘ ਹਮੇਸ਼ਾਂ ਲਈ ਬੰਬਈ ਆ ਕੇ ਰਹਿਣ ਲੱਗੇਗਾ। ਇਹ ਭਵਿਖ-ਬਾਣੀ ________ਨੇ ਕੀਤੀ। 2

77. ਸਿੰਬਾ ________ਲਈ ਹਮੇਸ਼ਾਂ ਕਾਹਲ਼ਾ ਹੁੰਦਾ ਸੀ। 2

78. ਪ੍ਰਿੰ: ਸਾਹਿਬ ਸਿੰਘ ਦਾ ਬਚਪਨ ਦਾ ਨਾਂ ________ਸੀ। 2

79. ਸਵਿਸ ਲੋਕਾਂ ਵਿੱਚ ਠਰਕ ਹੈ ਕਿ ਉਹਨਾਂ ਦਾ ਮੁਲਕ ________ਨੂੰ ਚੰਗਾ ਲੱਗੇ। 2

80. ਡਾ: ਮਹਿੰਦਰ ਸਿੰਘ ਰੰਧਾਵਾ ________ਦੇ ਕਮਜ਼ੋਰ ਮੁੰਡਿਆਂ ਨੂੰ ਮੁਫਤ ਬੌਟਨੀ-ਜ਼ੁਆਲੋਜੀ ਪੜ੍ਹਾਉਂਦੇ ਸਨ। 2

81. ਹਾਈ ਸਕੂਲ ________ਆ ਕੇ ਪ੍ਰਿੰ: ਸਾਹਿਬ ਸਿੰਘ ਨੂੰ ਵਰਜਿਸ਼ ਦਾ ਸ਼ੌਕ ਪੈ ਗਿਆ। 2

82. ਮਨੁੱਖ ਨਾਲ਼ ਮਨੁੱਖ ਦਾ ਮੇਲ਼ ਹਮੇਸ਼ਾਂ ________ਦੀ ਮਹਾਨ ਘਟਨਾ ਹੁੰਦਾ ਹੈ। 2

83. ਸੰਨ 1931 ਵਿੱਚ ਹੋਏ ਮੁਕਾਬਲੇ ਦੇ ਇਮਤਿਹਾਨ ਵਿੱਚ ਐੱਮ.ਐੱਸ.ਰੰਧਾਵਾ ਦਾ ________ਨੰਬਰ ਆਇਆ। 2

ਸਾਹਿਤ-ਬੋਧ:-

84. ਚੌਪਈ ਦਾ ਅਰਥ ਹੈ __________ ਚਰਨਾਂ ਵਾਲਾ ਛੰਦ (ਦੋ ਜਾਂ ਚਾਰ) 2

85. ਤੁਕ ਦੇ ਅੰਗ ਨੂੰ __________ ਕਿਹਾ ਜਾਂਦਾ ਹੈ। 2

86. ਕੋਰੜਾ ਛੰਦ __________ ਹੈ। 2

87. ਕਬਿੱਤ ਛੰਦ ਵਿੱਚ __________ ਵਰਨ ਹੁੰਦੇ ਹਨ। 2

88. ਅਲੰਕਾਰ ਕਵਿਤਾ ਦੇ __________ ਹਨ। 2

89. ਜਿਸ ਅਲੰਕਾਰ 'ਚ ਗੱਲ ਨੂੰ ਵਧਾ-ਚੜ੍ਹਾ ਕੇ ਆਖਿਆ ਜਾਵੇ, ਉਸ ਨੂੰ __________ ਕਹਿੰਦੇ ਹਨ। 2

90. ਉਪਮਾ ਅਲੰਕਾਰ ਵਿੱਚ __________ ਤੱਤ ਹੋਣੇ ਜ਼ਰੂਰੀ ਹਨ। 2

91. ਜਿੱਥੇ ਉਪਮੇਯ ਅਤੇ ਉਪਮਾਨ ਵਿੱਚ ਇਕਰੂਪਤਾ ਵਰਨਣ ਕੀਤੀ ਹੋਵੇ, ਉੱਥੇ __________ ਅਲੰਕਾਰ ਹੁੰਦਾ ਹੈ। 2

92. ਕਰੁਣਾ ਰਸ ਦਾ ਸਥਾਈ ਭਾਵ __________ ਹੈ। 2

93. 'ਚੰਡੀ ਦੀ ਵਾਰ' __________ ਦਾ ਉੱਤਮ ਨਮੂਨਾ ਹੈ। 2

94. ਵੈਰਾਗ __________ ਦਾ ਸਥਾਈ ਭਾਵ ਹੈ। 2

95. ਨਾਵਲ ਆਧੁਨਿਕ ਸਾਹਿਤ ਦਾ __________ ਹੈ। 2

96. 'ਨਿੱਕੀ ਕਹਾਣੀ' ਦਾ ਵਰਤਮਾਨ ਮੁਹਾਂਦਰਾ __________ ਦੀ ਹੀ ਦੇਣ ਹੈ। 2

97. ਅਲੋਚਕ ਐਲਰੀ ਸੇਜਵਿਕ ਅਨੁਸਾਰ ਨਿੱਕੀ ਕਹਾਣੀ __________ ਵਾਂਗ ਹੁੰਦੀ ਹੈ। 2

98. ਕਹਾਣੀ ਦਾ __________ ਸੰਖੇਪ ਅਤੇ ਸਰਲ ਹੁੰਦਾ ਹੈ। 2

99. __________ ਸ੍ਵੈ-ਪ੍ਰਗਟਾਵੇ ਦਾ ਵਧੀਆ ਮਾਧਿਅਮ ਹੈ। 2

100 ਲੇਖ ਵਿੱਚ ਭਾਵ ਪ੍ਰਧਾਨ ਹੁੰਦੇ ਹਨ ਪਰ ਨਿਬੰਧ ਵਿੱਚ __________ ਪ੍ਰਧਾਨ ਹੁੰਦੇ ਹਨ। 2

101. __________ ਨੇ ਨਾਟਕ ਨੂੰ 'ਜੀਵਨ ਦੀ ਨਕਲ' ਕਿਹਾ ਹੈ। 2

102. ਈਸ਼ਵਰ ਚੰਦਰ ਨੰਦਾ ਪੰਜਾਬੀ ਦਾ __________ ਨਾਟਕਕਾਰ ਹੈ। 2

103. ਸਾਹਿਤ ਦੇ ਰੂਪਾਂ ਵਿੱਚੋਂ __________ ਸਾਹਿਤ-ਰੂਪ ਦਾ ਜਨਮ ਸਭ ਤੋਂ ਪਹਿਲਾਂ ਹੋਇਆ।2

**ਪ੍ਰਸ਼ਨ-ਪੱਤਰ ਦੇ ਪ੍ਰਸ਼ਨ 11 ਤੋਂ 16 ਨਾਲ਼ ਸੰਬੰਧਿਤ ਪ੍ਰਸ਼ਨ: (1 ਤੋਂ 98)**

**ਮੱਧ-ਕਾਲੀਨ ਪੰਜਾਬੀ-ਕਾਵਿ (ਝਲਕਾਂ ਤੇ ਇਤਿਹਾਸ):-**

**ਸਹੀ/ਗ਼ਲਤ**

1. ਫ਼ਰੀਦ ਜੀ ਕਪਾਹ, ਤਿਲ, ਕਮਾਦ, ਕਾਗ਼ਜ਼ ਅਤੇ ਮਿੱਟੀ ਦੀ ਹਾਂਡੀ ਦੀ ਹਾਲਤ ਦੱਸ ਕੇ ਮੰਦੇ ਕੰਮਾਂ ਤੋਂ ਸੁਚੇਤ ਕਰਦੇ ਹਨ। 2

2. ਸ਼ੇਖ਼ ਫ਼ਰੀਦ ਜੀ ਅਨੁਸਾਰ ਸਰੀਰ ਨੂੰ ਨਿਰੋਗ ਰੱਖਣ ਲਈ ਬੁਰੇ ਦਾ ਭਲਾ ਕਰਨ ਦਾ ਅਤੇ ਮਨ ਵਿੱਚ ਗੁੱਸਾ ਨਹੀਂ ਲਿਆਉਣਾ ਚਾਹੀਦਾ। 2

3. ਵਜੀਦ ਜੀ ਪੰਜਾਬੀ ਦੇ ਪ੍ਰਸਿੱਧ ਕਿੱਸਾਕਾਰ ਸਨ। 2

4. "ਬੀਜਣ, ਗਾਹੁਣ, ਵਾਹੁਣ ਖੜਸਨਿ ਬੰਨ੍ਹ ਕਰ" ਸਲੋਕ ਵਿੱਚ ਵਜੀਦ ਜੀ ਦਾ 'ਖੜਸਨਿ' ਤੋਂ ਭਾਵ ਗਊ ਅਤੇ ਬੈਲ ਹੈ। 2

5. "ਚੋਰਾਂ ਦੇ ਘਰ ਵਗ ਜੁ ਮਾਨਸ ਘਾਇੰਦੇ।" ਤੁਕ ਸੂਫ਼ੀ ਸ਼ਾਇਰ ਵਜੀਦ ਦੀ ਹੈ। 2

6. ਸ਼ਾਹ ਹੁਸੈਨ ਦੀ ਕਾਫ਼ੀ 'ਇੱਥੇ ਰਹਿਣਾ ਨਾਹੀਂ' ਅਨੁਸਾਰ ਵੱਡੇ-ਵੱਡੇ ਮਹਿਲ ਉਸਾਰਨ ਵਾਲ਼ਿਆਂ ਦੀ ਆਖ਼ਰੀ ਘਰ ਗੋਰ/ਕਬਰ ਨਹੀਂ ਹੋਵੇਗਾ। 2

7. ਸ਼ਾਹ ਹੁਸੈਨ ਜੀ ਅਨੁਸਾਰ 'ਚਿੱਟੀ ਚਾਦਰ' ਹੰਕਾਰ ਦਾ ਪ੍ਰਤੀਕ ਪਹਿਰਾਵਾ ਹੈ। 2

8. 'ਪਾਵੇਂਗਾ ਦੀਦਾਰ ਸਾਹਿਬ ਦਾ' ਕਾਫ਼ੀ ਵਿੱਚ ਸ਼ਾਹ ਹੁਸੈਨ ਨੇ 'ਮੀਣੀ ਢੱਗੀ' ਪਰਮਾਤਮਾ ਦੇ ਨਾਂ ਨੂੰ ਕਿਹਾ ਹੈ। 2

9. 'ਇੱਥੇ ਰਹਿਣਾ ਨਾਹੀਂ' ਕਾਫ਼ੀ ਵਿੱਚ ਸੰਸਾਰਿਕ ਨਾਸ਼ਮਾਨਤਾ ਦੀ ਗੱਲ ਹੋਈ ਹੈ। 2

10. ਸੁਲਤਾਨ ਬਾਹੂ ਦੀ ਹਰੇਕ ਸੀਹਰਫ਼ੀ ਦੀ ਸ਼ੁਰੂਆਤ ਉਰਦੂ ਦੇ ਅੱਖਰ ਨਾਲ਼ ਹੁੰਦੀ ਹੈ। 2

11. ਸੁਲਤਾਨ ਬਾਹੂ ਅਨੁਸਾਰ ਆਸ਼ਕ ਦਾ ਦਿਲ ਪਹਾੜ ਵਰਗਾ ਨਹੀਂ ਹੋਣਾ ਚਾਹੀਦਾ। 2

12. ਸੁਲਤਾਨ ਬਾਹੂ ਜ਼ਿਆਦਾਤਰ ਆਪਣੀਆਂ ਰਚਨਾਵਾਂ ਵਿੱਚ ਅੱਲਾ ਵਿੱਚ ਵਿਸ਼ਵਾਸ, ਉਸ ਦੀ ਖੋਜ ਅਤੇ ਪ੍ਰੇਮ ਰਾਹੀਂ ਉਸ ਦੇ ਦਰਸ਼ਨ ਅਤੇ ਪ੍ਰਾਪਤੀ ਦੇ ਨੁਕਤੇ ਬਿਆਨ ਕਰਦਾ ਹੈ। 2

13. 'ਕਤ ਕਲਮ ਨੂੰ ਮਾਰ ਨਾ ਜਾਣੇ ਤੇ ਕਾਤਿਬ ਨਾਮ ਧਰਾਇਆ ਹੂ।' ਸੁਲਤਾਨ ਬਾਹੂ ਦੀ ਇਸ ਸਤਰ ਵਿੱਚ 'ਕਾਤਿਬ' ਸ਼ਬਦ ਤੋਂ ਭਾਵ ਲਿਖਣ ਵਾਲ਼ਾ/ਲਿਖਾਰੀ ਹੈ। 2

14. 'ਉਲਟੇ ਹੋਰ ਜ਼ਮਾਨੇ ਆਏ' ਕਾਫ਼ੀ ਬੁੱਲ੍ਹੇ ਸ਼ਾਹ ਦੀ ਰਚਨਾ ਹੈ। 2

15. 'ਤੋਬਾ ਨਾ ਕਰ ਯਾਰ' ਕਾਫ਼ੀ ਵਿੱਚ ਬੁੱਲ੍ਹੇ ਸ਼ਾਹ ਗ਼ਰੀਬਾਂ ਦੇ ਕਿਰਦਾਰ ਨੂੰ ਨਿੰਦਦਾ ਹੈ। 2

16. ਆਪਣੇ ਪਾਠ-ਕ੍ਰਮ 'ਚ ਦਰਜ ਬੁੱਲ੍ਹੇ ਸ਼ਾਹ ਦੀ ਕਾਫ਼ੀ 'ਮਾਟੀ ਕੁਦਮ ਕਰੇਂਦੀ ਯਾਰ' ਵਿੱਚ ਵਾਰ-ਵਾਰ ਸੰਸਾਰਿਕ ਨਾਸ਼ਮਾਨਤਾ ਦੇ ਵੇਰਵੇ ਮਿਲ਼ਦੇ ਹਨ। 2

17. 'ਮੂੰਹ ਆਈ ਬਾਤ ਨਾ ਰਹਿੰਦੀ ਏ' ਕਾਫ਼ੀ ਵਿੱਚ ਸੱਚ ਕਹਿਣ ਨਾਲ਼ ਭਾਂਬੜ ਮੱਚਦਾ ਹੈ। 2

18. ਹਾਸ਼ਮ ਸ਼ਾਹ ਦੇ ਹਰੇਕ ਦੋਹੜੇ ਵਿੱਚ ਚਾਰ-ਚਾਰ ਸਤਰਾਂ ਹਨ। 2

19. ਹਾਸ਼ਮ ਸ਼ਾਹ ਕਿੱਸਾ ਕਾਵਿ-ਧਾਰਾ ਦੇ ਨਾਲ਼-ਨਾਲ਼ ਸੂਫ਼ੀ ਕਾਵਿ-ਧਾਰਾ ਨਾਲ਼ ਵੀ ਸੰਬੰਧ ਰੱਖਦਾ ਹੈ- 2

20. ਖ਼ਵਾਜਾ ਗ਼ੁਲਾਮ ਫ਼ਰੀਦ ਦੀ ਕਾਫ਼ੀ 'ਸਾਵਣ ਬੂੰਦੜੀਆਂ ਝਰਲਾਵੇ' 'ਚ' 'ਮੁਰਰਵਾ' ਸ਼ਬਦ ਤੋਂ ਭਾਵ ਕਬੂਤਰ ਹੈ। 2

21. ਖ਼ਵਾਜਾ ਗ਼ੁਲਾਮ ਫ਼ਰੀਦ ਅਨੁਸਾਰ ਬਿਰਹਨ ਦੇ ਦੁੱਖਾਂ ਦੇ ਦਿਨ-ਰਾਤ ਅੰਗ-ਅੰਗ ਵਿੱਚ ਖ਼ੁਸ਼ੀ ਭਰਨ 'ਤੇ ਖ਼ਤਮ ਹੁੰਦੇ ਹਨ। 2

22. ਪੀਲੂ ਦਾ ਮਿਰਜ਼ਾ-ਸਾਹਿਬਾਂ ਕਿੱਸਾ ਤੁਹਾਡੀ ਪਾਠ-ਪੁਸਤਕ 'ਚ ਸ਼ਾਮਿਲ ਹੈ। 2

23. ਤੁਹਾਡੀ ਪਾਠ-ਪੁਸਤਕ 'ਚ ਦਰਜ ਕਿੱਸਾ 'ਮਿਰਜ਼ਾ ਸਾਹਿਬਾਂ' ਕਾਦਰਯਾਰ ਦੀ ਰਚਨਾ ਹੈ। 2

24. ਕਿੱਸਾ 'ਮਿਰਜ਼ਾ ਸਾਹਿਬਾਂ 'ਚ ਮਿਰਜ਼ੇ ਨੂੰ ਘਰੋਂ ਜਾਣ ਵੇਲ਼ੇ ਮਿਰਜ਼ੇ ਦੀ ਮਾਂ ਰੋਕਦੀ ਹੈ। 2

25. ਵੰਝਲ ਮਿਰਜ਼ੇ ਦਾ ਤਾਇਆ ਲੱਗਦਾ ਸੀ। 2

26. ਮਿਰਜ਼ਾ ਜਾਮ ਲੁਹਾਰ ਤੋਂ ਕਿੱਲੀਆਂ ਪ੍ਰਾਪਤ ਕਰਦਾ ਹੈ। 2

27. ਮਿਰਜ਼ਾ ਅਤੇ ਸਾਹਿਬਾਂ ਵਿਚਕਾਰ ਮੱਝ ਬਾਰੇ ਵਾਰਤਾਲਾਪ ਹੁੰਦਾ ਹੈ। 2

28. ਮਿਰਜ਼ੇ ਨੂੰ ਜੰਡ ਹੇਠ ਸੌਣ ਤੋਂ ਸਾਹਿਬਾਂ ਰੋਕਦੀ ਹੈ। 2

29. ਪੀਲੂ ਦੇ ਕਿੱਸੇ ਅਨੁਸਾਰ ਮਿਰਜ਼ਾ ਬਠਿੰਡਾ ਦਾ ਰਹਿਣ ਵਾਲ਼ਾ ਸੀ। 2

30. ਮਿਰਜ਼ੇ ਅਨੁਸਾਰ ਉਸ ਦੀ ਬੱਕੀ ਦੇ ਕੰਨ ਲੰਮੇ, ਖੁਰ ਪਤਲੇ ਤੇ ਪੂਛ ਕਾਲ਼ੇ ਰੰਗ ਦੀ ਸੀ। 2

31. ਹਾਫ਼ਿਜ਼ ਬਰਖ਼ੁਰਦਾਰ ਦਾ ਕਿੱਸਾ ਯੂਸਫ਼- ਜ਼ੁਲੈਖ਼ਾਂ ਤੁਹਾਡੀ ਪਾਠ-ਪੁਸਤਕ 'ਚ ਸ਼ਾਮਲ ਹੈ। 2

32. 'ਯੂਸਫ਼-ਜ਼ੁਲੈਖ਼ਾਂ' ਦਾ ਕਿੱਸਾ ਪੀਲੂ ਦਾ ਲਿਖਿਆ ਹੋਇਆ ਹੈ। 2

33. ਯੂਸਫ਼ ਘੋੜਾ ਲੈ ਕੇ ਸ਼ਿਕਾਰ ਖੇਡਣ ਲਈ ਜਾਂਦਾ ਹੈ। 2

34. ਕਿੱਸੇ ਅਨੁਸਾਰ ਯੂਸਫ਼ ਤਿੰਨ ਦਿਨ-ਰਾਤ ਮਹਿਲ ਅੰਦਰ ਬੈਠ ਕੇ ਲੰਘਾਉਂਦਾ ਹੈ। 2

35. ਯੂਸਫ਼ ਨੂੰ ਖੂਹ ਵਿੱਚੋਂ ਕਾਫ਼ਲੇ ਕੱਢਦੇ ਹਨ। 2

36. ਹਾਫ਼ਿਜ਼ ਬਰਖ਼ੁਰਦਾਰ ਦੇ ਕਿੱਸੇ 'ਚ ਫ਼ਾਰਸੀ ਦੀ ਸ਼ਬਦਾਵਲੀ ਦੀ ਭਰਮਾਰ ਹੈ। 2

37. ਵਾਰਿਸ ਸ਼ਾਹ, ਆਪਣੀ ਸ਼ਾਹਕਾਰ ਰਚਨਾ ਕਰ ਕੇ ਮਸ਼ਹੂਰ ਹੋਇਆ। 2

38. ਤੁਹਾਡੇ ਪਾਠ-ਕ੍ਰਮ 'ਚ ਦਰਜ ਕਿੱਸਾ 'ਹੀਰ ਰਾਂਝਾ' ਕਾਦਰਯਾਰ ਦੀ ਰਚਨਾ ਹੈ। 2

39. ਆਪਣੇ ਪਾਠ-ਕ੍ਰਮ 'ਚ ਦਰਜ 'ਰਾਂਝੇ ਦੀ ਜੋਗ ਲਈ ਬੇਨਤੀ' ਵਾਰਿਸ ਸ਼ਾਹ ਦੇ ਕਿੱਸੇ ਆਧਾਰਿਤ ਰਚਨਾ ਹੈ। 2

40. 'ਬਾਲ ਨਾਥ ਵੱਲੋਂ ਰਾਂਝੇ ਨੂੰ ਨਸੀਹਤ' ਮਿਰਜ਼ਾ-ਸਾਹਿਬਾਂ ਕਿੱਸੇ ਨਾਲ਼ ਸੰਬੰਧਿਤ ਹੈ। 2

41. ਰਾਂਝਾ ਜੋਗ ਲੈ ਕੇ ਰੰਗਪੁਰ ਜਾਂਦਾ ਹੈ। 2

42. ਰਾਂਝੇ ਨੂੰ ਬਾਲਨਾਥ ਨੇ ਜੋਗ ਦਿੱਤਾ। 2

43. 'ਹੀਰ ਵਾਰਿਸ' ਪੰਜਾਬੀ ਦੀ ਸ਼ਾਹਕਾਰ ਰਚਨਾ ਹੈ। 2

44. ਵਾਰਿਸ ਸ਼ਾਹ ਦੇ ਕਿੱਸੇ ਅਨੁਸਾਰ ਰਾਂਝੇ ਨੂੰ ਮਾਈਆਂ ਨੇ ਖ਼ੈਰ ਪਾਈ। 2

45. ਵਜੀਦ ਜੀ ਅਨੁਸਾਰ ਰੱਬ ਦੇ ਭਾਣੇ ਵਿੱਚ ਕਿਸੇ ਦਾ ਕੋਈ ਦਖ਼ਲ ਨਹੀਂ। 2

46. ' ਫਕੜ ਜਾਤ ਫਕੜੁ ਨਾਉ' ਗੁਰੂ ਅੰਗਦ ਦੇਵ ਜੀ ਦੀ ਰਚਨਾ ਹੈ। 2

47. ਬੁੱਲ੍ਹੇ ਸ਼ਾਹ ਕਿੱਸਾ-ਕਾਵਿ ਨਾਲ਼ ਸੰਬੰਧਿਤ ਕਵੀ ਹਨ। 2

48. 'ਤੋਬਾ ਨਾ ਕਰ ਯਾਰ! ਕੈਸੀ ਤੋਬਾ ਹੈ' ਸ਼ਾਹ ਹੁਸੈਨ ਦੀ ਰਚਨਾ ਹੈ। 2

49. ਗੁਰੂ ਨਾਨਕ ਦੇਵ ਜੀ, ਗੁਰਮਤਿ ਕਾਵਿ-ਧਾਰਾ ਨਾਲ਼ ਸੰਬੰਧਿਤ ਕਵੀ ਹਨ। 2

50. ਅਗਿਆਨੀ, ਪ੍ਰਭੂ ਦੇ ਨਾਮ ਨੂੰ ਹਿਰਦੇ ਵਿੱਚ ਵਸਾਉਣ ਵੱਲ ਬਹੁਤ ਧਿਆਨ ਦਿੰਦਾ ਹੈ। 2

51. 'ਨਿਮਾਣਿਆਂ ਦੀ ਰੱਬਾ ਰੱਬਾ ਹੋਈ' ਬੁੱਲ੍ਹੇ ਸ਼ਾਹ ਦੀ ਰਚਨਾ ਹੈ। 2

52. ਵਾਰਿਸ ਸ਼ਾਹ ਸੂਫ਼ੀ-ਕਾਵਿ ਨਾਲ਼ ਸੰਬੰਧਿਤ ਕਵੀ ਹਨ। 2

**ਆਪ-ਬੀਤੀਆਂ:-**

53. ਗੁਰਬਖ਼ਸ਼ ਸਿੰਘ ਪ੍ਰੀਤਲੜੀ ਨੂੰ ਆਪਣੀ ਸਵਿਸ ਮੇਜ਼ਬਾਨ ਬਿਲਕੁਲ ਚੰਗੀ ਨਹੀਂ ਸੀ ਲੱਗਦੀ। 2

54. ਜਿੰਨਾ ਕੋਈ ਦੂਜਿਆਂ ਲਈ ਬੇਪ੍ਰਵਾਹ, ਓਨਾ ਹੀ ਆਪਣੀ ਪੁਸ਼ਾਕ ਵਲੋਂ ਬੇਪਰਵਾਹ ਹੁੰਦਾ ਹੈ। 2

55. ਸਰ ਸੁੰਦਰ ਸਿੰਘ ਮਜੀਠੀਆ ਡਾ. ਰੰਧਾਵਾ ਨੂੰ ਬਹੁਤ ਪਸੰਦ ਕਰਦੇ ਸਨ। 2

56. ਮੈਂ ਹਰਕਿਸ਼ਨ ਸਿੰਘ ਕੋਲ਼ ਦੋ ਫਰਵਰੀ ਨੂੰ ਰਾਜ ਸਿੰਘਪੁਰ, ਬੀਕਾਨੇਰ ਦੀ ਬਾਰ ਵਿੱਚ ਚਲਾ ਗਿਆ। 2

57. ਲੇਖਕਾ ਪ੍ਰਭਜੋਤ ਕੌਰ ਦਾ ਜਨਮ ਲੰਗੜਿਆਲ (ਗੁਜਰਾਤ, ਹੁਣ ਪਾਕਿਸਤਾਨ) ਵਿਖੇ ਹੋਇਆ।2

58. ਪ੍ਰਭਜੋਤ ਕੌਰ ਨੂੰ 'ਮੋਤੀਆ' ਨਾਂ ਬਹੁਤ ਪਸੰਦ ਸੀ। 2

59. ਲੇਖਕਾ (ਪ੍ਰਭਜੋਤ ਕੌਰ) ਦੀ ਜ਼ਿੱਦ ਅੱਗੇ ਝੁਕਦਿਆਂ ਉਸ ਦੇ ਮਾਪਿਆਂ ਵੱਲੋਂ ਉਸ ਦੇ ਨਾਮਕਰਨ ਲਈ ਅਖੰਡ ਪਾਠ ਰਖਵਾਇਆ ਗਿਆ। 2

60. 'ਮੇਰਾ ਨਾਮਕਰਨ' ਪਾਠ 'ਚ ਲੇਖਕਾ ਨੂੰ ਲੇਖਕਾ ਦੀ ਨਾਨੀ ਨੇ ਚੁੱਪ ਕਰਾਇਆ। 2

61. ਵਣਜਾਰਾ ਬੇਦੀ ਨੇ ਪਹਿਲੇ ਦਰਜੇ ਵਿੱਚ ਐੱਮ.ਏ. ਪਾਸ ਕੀਤੀ। 2

62. ਪਿਤਾ ਦੀ ਬੇਵਕਤੀ ਮੌਤ ਕਾਰਨ ਵਣਜਾਰਾ ਬੇਦੀ ਨੂੰ ਆਪਣੀ ਪੜ੍ਹਾਈ ਵਿਚਕਾਰ ਛੱਡ ਕੇ ਨੌਕਰੀ ਕਰਨੀ ਪਈ। 2

63. 'ਆਪਣੀ ਸੋਚ ਦੇ ਗਹਿਰੇ ਸਾਏ' ਸ੍ਵੈਜੀਵਨੀ-ਅੰਸ਼ ਸੋਹਿੰਦਰ ਸਿੰਘ ਵਣਜਾਰਾ ਬੇਦੀ ਦੀ ਰਚਨਾ ਹੈ।2

64. ਲੋਕ-ਧਾਰਾ ਨੂੰ ਇਕੱਤਰ ਕਰਨ ਲਈ ਵਣਜਾਰਾ ਬੇਦੀ ਨੂੰ ਬਹੁਤ ਸਾਰੀ ਸਮਗਰੀ ਸ਼ਰਨਾਰਥੀਆਂ ਤੋਂ ਮਿਲ਼ੀ। 2

65. 'ਆਪ-ਬੀਤੀਆਂ' ਪਾਠ-ਪੁਸਤਕ 'ਚ ਦਰਜ 'ਚੰਡੀਗੜ੍ਹ ਵਿੱਚ ਨਿਯੁਕਤੀ' ਸ੍ਵੈਜੀਵਨੀ-ਅੰਸ਼ ਡਾ: ਜਸਵੰਤ ਸਿੰਘ ਨੇਕੀ ਦੀ ਰਚਨਾ ਹੈ। 2

66. ਡਾਕਟਰੀ ਦਾ ਵੱਡਾ ਸੰਸਥਾਨ ਚਲਾਉਣ ਲਈ ਲੇਖਕ ਦੀ ਨਿਯੁਕਤੀ ਚੰਡੀਗੜ੍ਹ ਵਿਖੇ ਹੋ ਗਈ।2

67. ਚੰਡੀਗੜ੍ਹ ਵਿੱਚ ਰਹਿੰਦਿਆਂ ਲੇਖਕ ਕੋਲ਼ ਬਹੁਤ ਵਿਹਲ ਹੁੰਦੀ ਸੀ। 2

68. 'ਚੰਡੀਗੜ੍ਹ ਵਿੱਚ ਨਿਯੁਕਤੀ' ਪਾਠ ਅਨੁਸਾਰ ਲੇਖਕ ਘਾਲਣਾ ਨੂੰ ਪੂਜਾ ਸਮਝਦਾ ਹੈ। 2

69. ਸ.ਸ. ਜੌਹਲ ਨੇ ਆਪਣਾ ਬਚਪਨ ਸਾਂਝੇ ਪਰਿਵਾਰ ਵਿੱਚ ਰਹਿੰਦਿਆਂ ਗੁਜ਼ਾਰਿਆ। 2

70. ਸ.ਸ. ਜੌਹਲ ਦੇ ਤਾਇਆ ਜੀ ਸਖ਼ਤ ਤਬੀਅਤ ਦੇ ਸਨ। 2

71. ਸ.ਸ. ਜੌਹਲ ਨੂੰ ਪੜ੍ਹਾਈ ਤੋਂ ਬਿਨਾਂ ਕੋਈ ਹੋਰ ਕੰਮ ਨਹੀਂ ਸੀ ਕਰਨਾ ਪੈਂਦਾ। 2

72. ਤਾਮਿਲ ਫ਼ਿਲਮ 'ਪੂਨੀ' ਵਿੱਚ ਦਾਰਾ ਸਿੰਘ ਨੇ ਕਿੰਗਕਾਂਗ ਨਾਲ਼ ਕੁਸ਼ਤੀ ਲੜੀ ਸੀ। 2

73. ਦਾਰਾ ਸਿੰਘ ਨੇ ਲੜਕੀ ਦਾ ਪਿਤਾ ਬਣਨ ਦੀ ਖ਼ੁਸ਼ੀ ਵਿੱਚ ਪਾਰਟੀ ਦਿੱਤੀ। 2

74. ਦਾਰਾ ਸਿੰਘ ਦਾ 'ਫ਼ਿਲਮਾਂ ਵਿੱਚ ਪ੍ਰਵੇਸ਼' ਸ੍ਵੈਜੀਵਨੀ-ਅੰਸ਼ ਤੁਹਾਡੀ ਪਾਠ-ਪੁਸਤਕ 'ਚ ਸ਼ਾਮਲ ਹੈ। 2

75. ਲੇਖਕਾ (ਅਜੀਤ ਕੌਰ) ਨੇ ਆਪਣੀਆਂ ਧੀਆਂ ਨੂੰ ਸ਼ਿਮਲੇ ਦੇ ਆਕਲੈਂਡ ਸਕੂਲ 'ਚ ਦਾਖ਼ਲ ਕਰਵਾਇਆ। 2

76. ਨੇਵੀ ਵਿੱਚ ਨੌਕਰੀ ਕਰਦੇ ਲੜਕੇ ਨੇ ਕੈਂਡੀ ਨੂੰ ਪਸੰਦ ਕਰ ਲਿਆ। (ਮੇਰੀਆਂ ਧੀਆਂ-ਮੇਰੇ ਖੰਭ' ਪਾਠ ਅਨੁਸਾਰ) 2

77. 'ਲਿਖਣ ਲੱਗੇ ਤਾਂ ਸੰਜਮ ਤੇ ਸੂਖਮ ਬਿਰਤੀ ਦੀ ਲੋੜ ਨਹੀਂ ਹੁੰਦੀ।' 2

78. ਲੇਖਕ ਬਲਵੰਤ ਗਾਰਗੀ ਮਨੂੰ ਦੀ ਪਿੱਠ ਉੱਤੇ ਬਿੱਲੀ ਚਲਾਉਣ ਦੀ ਖੇਡ ਖੇਡਦਾ। 2

79. ਡਾ: ਜਸਵੰਤ ਸਿੰਘ ਨੇਕੀ ਅਨੁਸਾਰ ਘਾਲਣਾ ਕਰਨ ਵਾਲ਼ੇ ਨੂੰ ਚਿੰਤਾ ਰੋਗ ਨਹੀਂ ਲੱਗਦਾ।2

**ਸਾਹਿਤ-ਬੋਧ:-**

80. ਚੌਪਈ ਛੰਦ ਦੀ ਹਰੇਕ ਤੁਕ ਵਿੱਚ 15 ਜਾਂ 16 ਮਾਤਰਾਵਾਂ ਹੁੰਦੀਆਂ ਹਨ। 2

81. ਕੋਰੜੇ ਦੀ ਹਰੇਕ ਤੁਕ ਵਿੱਚ 11 ਜਾਂ 13 ਵਰਨ ਹੁੰਦੇ ਹਨ। 2

82. ਬੈਂਤ ਛੰਦ ਦੀ ਹਰੇਕ ਤੁਕ ਵਿੱਚ 40 ਮਾਤਰਾਵਾਂ ਹੁੰਦੀਆਂ ਹਨ। 2

83. ਕਬਿੱਤ ਛੰਦ ਵਿੱਚ ਚਾਰ ਲੰਮੀਆਂ-ਲੰਮੀਆ ਤੁਕਾਂ ਹੁੰਦੀਆਂ ਹਨ। 2

84. ਦਵਈਆ ਮਾਤਰਿਕ ਕਿਸਮ ਦਾ ਛੰਦ ਹੈ। 2

85. 'ਸਤਿਗੁਰੂ ਨਾਨਕ ਪ੍ਰਗਟਿਆ ਮਿਟੀ ਧੁੰਦ ਜਗ ਚਾਨਣ ਹੋਆ। 2
ਜਿਉ ਕਰ ਸੂਰਜ ਨਿਕਲਿਆ ਤਾਰੇ ਛਪੇ ਅੰਧੇਰ ਪਲੋਆ।
ਉਪਰੋਕਤ ਤੁਕਾਂ ਵਿੱਚ ਦ੍ਰਿਸ਼ਟਾਂਤ ਅਲੰਕਾਰ ਨਜ਼ਰ ਆਉਂਦਾ ਹੈ।

86. 'ਦ੍ਰਿਸ਼ਟਾਂਤ' ਦਾ ਉਦਾਹਰਨ, ਮਿਸਾਲ ਜਾਂ ਨਮੂਨਾ ਹੈ। 2

87. ਅਤਿਕਥਨੀ ਅਲੰਕਾਰ 'ਚ ਗੱਲ ਵਧਾ-ਚੜ੍ਹਾ ਕੇ ਆਖੀ ਜਾਂਦੀ ਹੈ। 2

88. ਉਹ ਚੀਜ਼ ਜਿਸ ਨਾਲ਼ ਕਿਸੇ ਦੀ ਉਪਮਾ ਦਿੱਤੀ ਜਾਵੇ ਉਸ ਨੂੰ ਉਪਮਾਨ ਕਹਿੰਦੇ ਹਨ। 2

89. ਅਚਾਰੀਆ ਭਰਤਮੁਨੀ ਦਾ ਸੰਬੰਧ ਰਸ ਵਿਧਾਨ ਨਾਲ਼ ਹੈ। 2

90. ਸ਼ਿੰਗਾਰ ਰਸ ਨੂੰ ਰਸਾਂ ਦਾ ਪ੍ਰਧਾਨ ਮੰਤਰੀ ਕਿਹਾ ਜਾਂਦਾ ਹੈ। 2

91. ਸ਼ਿੰਗਾਰ ਰਸ ਦਾ ਸਥਾਈ ਭਾਵ ਪ੍ਰੇਮ ਜਾਂ ਪ੍ਰੀਤ ਹੈ। 2

92. ਰਸ ਨੌਂ ਪ੍ਰਕਾਰ ਦੇ ਮੰਨੇ ਗਏ ਹਨ। 2

93. ਸ੍ਵੈਜੀਵਨੀ ਦਾ ਜਨਮ ਨਿੱਜੀ ਅਨੁਭਵ ਨੂੰ ਸਿੱਧੇ, ਸਪਸ਼ਟ ਤੌਰ 'ਤੇ ਪੇਸ਼ ਕਰਨ ਦੀ ਲੋਚਾ ਵਿੱਚੋਂ ਹੋਇਆ ਹੈ। 2

94. ਬਹੁਤ ਵਧਾ ਚੜ੍ਹਾ ਕੇ ਬਿਆਨ ਕਰਨ ਦੀ ਕਾਵਿ-ਰੀਤ ਨਾਲ਼ 'ਅਤਿਕਥਨੀ' ਅਲੰਕਾਰ ਦੀ ਸਿਰਜਨਾ ਹੁੰਦੀ ਹੈ। 2

95. ਇਕਾਂਗੀ ਨਾਟਕ ਬਹੁ-ਅੰਗੀ ਨਾਟਕ ਦਾ ਇੱਕ ਟੋਟਾ ਹੁੰਦਾ ਹੈ। 2

96. ਰੌਦਰ ਰਸ ਦਾ ਸਥਾਈ ਭਾਵ, ਉਤਸ਼ਾਹ ਹੈ। 2

97. ਸ੍ਵੈਜੀਵਨੀ ਲਿਖੇ ਜਾਣ ਤੋਂ ਪਹਿਲਾਂ ਨਾ ਜੀਵੀ ਜਾਂਦੀ ਹੈ ਤੇ ਨਾ ਹੀ ਖੇਡੀ ਜਾਂਦੀ ਹੈ। 2

98. ਅਨੁਪ੍ਰਾਸ ਅਲੰਕਾਰ ਦੇ ਪੰਜ ਭੇਦ ਹੁੰਦੇ ਹਨ। 2

**ਪ੍ਰਸ਼ਨ-ਪੱਤਰ ਦੇ ਪ੍ਰਸ਼ਨ 17 ਤੋਂ 21 ਨਾਲ਼ ਸੰਬੰਧਿਤ ਪ੍ਰਸ਼ਨ:**

**ਮੱਧ-ਕਾਲੀਨ ਪੰਜਾਬੀ-ਕਾਵਿ(ਝਲਕਾਂ ਤੇ ਇਤਿਹਾਸ):-**

**ਸਹੀ ਮਿਲਾਣ ਕਰੋ: (1-28)**

| | | | | |
|---|---|---|---|---|
| 1. | ਦਿਲਹੁ ਮੁਹਬਤਿ ਜਿੰਨ ਸੇਈ ਸਚਿਆ | : | ਵਜੀਦ | 2 |
